ਸਥਾਪਤ 1903

ੴ ਸਤਿਗੁਰ ਪ੍ਰਸਾਦਿ ॥




ਚੀਫ਼ ਖ਼ਾਲਸਾ ਦੀਵਾਨ ਦਾ ਪ੍ਰਤੀਨਿਧ ਪੱਤਰ

# ਖ਼ਾਲਸਾ ਐਡਵੋਕੇਟ

ਸੰਸਥਾਪਕ: ਭਾਈ ਸਾਹਿਬ ਭਾਈ ਵੀਰ ਸਿੰਘ



ਜਿਲਦ : 119 ਅੰਕ : 114 ਜਨਵਰੀ 2023 ਭੇਟਾ - 10/- ਰੁਪੈ

## ਦਸਮ ਪਿਤਾ ਦੇ 356ਵੇਂ ਪ੍ਰਕਾਸ਼ ਪੁਰਬ ਦੀਆਂ ਵਿਸ਼ਵਭਰ ਵਿਚ ਧੁੰਮਾਂ

### ਥਾਂ-ਥਾਂ ਸਜਾਏ ਗਏ ਨਗਰ ਕੀਰਤਨ, ਸ਼ਬਦ-ਕੀਰਤਨ, ਦੀਪਮਾਲਾ ਨੇ ਸਿਰਜੇ ਅਲੌਕਿਕ ਨਜ਼ਾਰੇ

## ਦੀਵਾਨ ਦੀਆਂ ਸੰਸਥਾਵਾਂ ਨੇ ਸਜਾਇਆ ਵਿਸ਼ੇਸ਼ ਨਗਰ ਕੀਰਤਨ

### ਪਟਨਾ ਸਾਹਿਬ ਦੀਆਂ ਸਿੱਖ ਇਤਿਹਾਸਕ ਯਾਦਗਾਰਾਂ ਦਾ ਸੁੰਦਰੀਕਰਨ ਕਰਾਂਗੇ -ਨਿਤੀਸ਼ ਕੁਮਾਰ

## ਸਿੱਖੀ ਸਿੱਖਿਆ ਨੂੰ ਪ੍ਰਚਾਰਨਾ ਦੀਵਾਨ ਦਾ ਮੁੱਖ ਮੰਤਵ -ਸ੍ਰ. ਕੱਥੂਨੰਗਲ






ਸਰਬੰਸਦਾਨੀ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 356ਵਾਂ ਪ੍ਰਕਾਸ਼ ਦਿਵਸ ਵਿਸ਼ਵ ਭਰਦੀਆਂ ਸੰਗਤਾਂ ਨੇ ਪੂਰੀ ਸ਼ਰਧਾ ਤੇ ਸਿੱਖੀ ਰਵਾਇਤਾਂ ਅਨੁਸਾਰ ਮਨਾਉਂਦਿਆਂ ਇਕ ਵਖਰਾ ਹੀ ਰੂਹਾਨੀ ਮੰਡਲ ਸਿਰਜ ਦਿੱਤਾ। ਭਾਰਤ ਭਰ ਦੇ ਚਪੇ ਚਪੇ ਦੇ ਨਾਲ ਵਿਸ਼ਵ ਭਰ ਦੇ ਪ੍ਰਸਿੱਧ ਦੇਸ਼ ਅਮਰੀਕਾ, ਕੈਨੇਡਾ, ਯੂ.ਕੇ, ਅਸਟਰੇਲੀਆ, ਨਿਊਜ਼ੀਲੈਂਡ, ਜਰਮਨੀ ਆਦਿ ਦੀਆਂ ਸੰਗਤਾਂ ਵੱਲੋਂ ਨਗਰ ਕੀਰਤਨਾਂ ਵਿਚ ਸੁਸ਼ੋਬਤ ਕੀਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਲਈ ਸਜਾਈਆਂ ਵਿਸ਼ੇਸ਼ ਬਸਾਂ, ਕਾਰਾਂ, ਮੋਟਰ ਸਾਈਕਲਾਂ ਤੇ ਪੈਦਲ ਸੰਗਤਾਂ ਦਾ ਲੱਖਾਂ ਦੀ ਗਿਣਤੀ ਵਿਚ ਵਿਦੇਸ਼ੀ ਸੜਕਾਂ ਤੇ ਮਾਰਚ, ਫੁੱਲਾਂ ਦੀ ਸਜਾਵਟ, ਕੀਰਤਨੀ-ਜਥੇ, ਨੌਜੁਆਨਾਂ ਤੇ ਬਚਿਆਂ ਵੱਲੋਂ ਸਿੱਖ ਮਾਰਸ਼ਲ ਆਰਟ ਦੇ ਪ੍ਰਦਰਸ਼ਨ, ਥਾਂ-ਥਾਂ ਤੇ ਸਜਾਏ ਗਏ ਲੰਗਰ, ਸੰਗਤਾਂ ਦਾ ਡਸਿਪਲਨ ਆਦਿ ਨੇ ਅਜਿਹਾ ਅਲੌਕਿਕ ਰੂਹਾਨੀ ਵਾਤਾਵਰਣ ਸਿਰਜਿਆ ਕਿ ਗੈਰ ਸਿੱਖ ਵੀ ਵੱਡੀ ਗਿਣਤੀ ਵਿਚ ਇਹ ਸੁਹਾਵਣੇ ਨਜ਼ਾਰੇ ਵੇਖ ਅਨੰਦਤ ਹੋ ਰਹੇ ਸਨ।

ਭਾਰਤ ਵਿਚ ਦਸਮ-ਪਿਤਾ ਦੇ ਪ੍ਰਕਾਸ਼-ਅਸਥਾਨ ਸ੍ਰੀ ਹਰਿਮੰਦਰ ਤੱਖਤ ਸ੍ਰੀ ਪਟਨਾ ਸਾਹਿਬ ਵਿਚ ਮਨਾਇਆ ਗਿਆ ਦਸਮ ਗੁਰੂ ਜੀ ਦਾ ਪ੍ਰਕਾਸ਼ ਪੁਰਬ ਇਸ ਸਾਲ ਵਿਸ਼ੇਸ਼ ਖਿਚ ਦਾ ਕਾਰਨ ਬਣਿਆ ਜਿਸ ਵਿਚ ਸ੍ਰੀ ਅਕਾਲ ਤੱਖਤ ਸਾਹਿਬ ਜੀ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਜੀ, ਬਿਹਾਰ ਰਾਜ ਦੇ ਮੁੱਖ ਮੰਤਰੀ ਸ੍ਰੀ ਨਿਤੀਸ਼ ਕੁਮਾਰ ਜੀ ਅਤੇ ਉਨ੍ਹਾਂ ਦੇ ਸਾਥੀ ਮੰਤਰੀ, ਹਰਿਆਣਾ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਸੰਤ ਕਰਮਜੀਤ ਸਿੰਘ ਜੀ ਆਦਿ ਵਿਸ਼ੇਸ਼ ਰੂਪ ਵਿਚ ਸ਼ਾਮਲ ਹੋਏ।

ਪਟਨਾ ਸਾਹਿਬ ਵਿਚ ਹੋਏ ਇਸ ਸਮਾਗਮ ਵਿਚ ਜਿਥੇ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਦੀ ਨੌਜੁਆਨੀ ਨੂੰ ਪਤਿਤਪੁਣੇ ਨੂੰ ਤਿਆਗ ਕੇ ਆਪਣੇ ਵਿਰਾਸਤੀ ਸਿੱਖ ਸਰੂਪ ਨੂੰ ਅਪਨਾਉਣ ਦੀ ਪ੍ਰੇਰਨਾ ਕੀਤੀ ਅਤੇ ਆਖਿਆ ਕਿ ਦਸਮ-ਪਿਤਾ ਨੇ ਇਸ ਸਿੱਖੀ ਸਰੂਪ ਦੀ ਖਾਤਰ ਹੀ ਆਪਣਾ ਸਰਬੰਸ



ਕੁਰਬਾਨ ਕੀਤਾ ਸੀ। ਮੁੱਖ ਮੰਤਰੀ ਸ੍ਰੀ ਨਿਤੀਸ਼ ਕੁਮਾਰ ਨੇ ਬੜੇ ਹੀ ਭਾਵਕ ਹੋ ਕੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਹਮਾਰੇ ਬਿਹਾਰ ਰਾਜ ਕੀ ਸ਼ਾਨ ਹੈ। ਇਸ ਲਈ ਉਨ੍ਹਾਂ ਦੇ ਜੀਵਨ ਤੇ ਸੰਦੇਸ਼ਾਂ ਨੂੰ ਪ੍ਰਚਾਰਨ ਅਤੇ ਉਨ੍ਹਾਂ ਦੀਆਂ ਇਤਿਹਾਸਕ ਯਾਦਗਾਰਾਂ ਦਾ ਸੁੰਦਰੀਕਰਨ ਦਾ ਕਾਰਜ ਕਰਨ ਨੂੰ ਉਹ ਆਪਣਾ ਪ੍ਰਮੁੱਖ ਧਰਮ-ਕਾਰਜ ਸਮਝ ਕੇ ਕਰ ਰਹੇ ਹਨ ਅਤੇ ਨਿਰੰਤਰ ਕਰਦੇ ਰਹਿਣਗੇ।

**ਚੀਫ਼ ਖ਼ਾਲਸਾ ਦੀਵਾਨ** ਸਿੱਖ ਪੰਥ ਦੀ ਸਿਰਮੌਰ ਸੰਸਥਾ ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਰਬੰਸ ਦਾਨੀ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੇ ਸੰਬੰਧ ਵਿਚ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਿੱਖੀ ਰਵਾਇਤਾਂ ਅਨੁਸਾਰ ਨਗਰ ਕੀਰਤਨ ਸਜਾਇਆ ਗਿਆ। ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਸਜਾਏ ਗਏ ਨਗਰ ਕੀਰਤਨ ਦਾ ਆਰੰਭ ਦੀਵਾਨ ਦੇ ਪ੍ਰਮੁੱਖ ਸਕੂਲ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈ.ਪਬਲਿਕ ਸਕੂਲ ਜੀ.ਟੀ.ਰੋਡ ਤੋਂ ਕੀਤਾ ਗਿਆ ਅਤੇ ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਵੱਲੋਂ ਨਗਰ ਕੀਰਤਨ ਵਿੱਚ ਸ਼ਾਮਲ ਸੰਗਤਾਂ ਨੂੰ ਜੀ ਆਇਆਂ' ਨੂੰ ਆਖਦਿਆਂ ਗੁਰਪੁਰਬ ਦੀ ਵਧਾਈ ਦਿੱਤੀ ਗਈ। ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਵੱਲੋਂ ਸੰਗਤਾਂ ਨੂੰ ਸਮਾਜ ਅਤੇ ਵਸਦੀ ਲੋਕਾਈ ਦੀ ਬਿਹਤਰੀ ਲਈ ਆਪਣੇ ਜੀਵਨ ਆਚਰਨ ਨੂੰ ਗੁਰੂ ਸਾਹਿਬ ਦੀਆ ਸਿਖਿਆਵਾਂ ਅਨੁਸਾਰ ਚੱਲ ਕੇ ਸੁਧਾਰਨ ਦੀ ਲੋੜ ਦਾ ਸੰਦੇਸ਼ ਦਿੱਤਾ ਗਿਆ। ਉਹਨਾਂ ਕਿਹਾ ਕਿ **ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਵਲ ਜੁਲਮ ਦੇ ਟਾਕਰੇ ਅਤੇ ਧਰਮ ਦੀ ਰੱਖਿਆ ਲਈ ਸਰਬੰਸ ਵਾਰ ਦਿੱਤਾ ਸਗੋਂ ਖਾਲਸਾ ਪੰਥ ਦੀ ਸਾਜਨਾ ਕਰਕੇ ਸਿੱਖ ਕੌਮ ਨੂੰ ਅਮਰ ਕਰ ਦਿੱਤਾ।** ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਕਿਹਾ ਕਿ ਚੀਫ਼ ਖ਼ਾਲਸਾ ਦੀਵਾਨ ਦਾ ਮੁੱਖ ਮੰਤਵ ਸਿੱਖੀ ਅਤੇ ਸਿੱਖਿਆ ਦਾ ਪ੍ਰਚਾਰ-ਪ੍ਰਸਾਰ ਕਰਨਾ ਹੈ ਜਿਸ ਦੇ ਫਲਸਰੂਪ ਜਿੱਥੇ ਚੀਫ਼ ਖ਼ਾਲਸਾ ਦੀਵਾਨ ਵੱਲੋਂ ਗੁਰੂ ਸਾਹਿਬਾਨ ਦੇ ਜੀਵਨ ਨਾਲ ਜੁੜੇ ਪਵਿਤਰ ਦਿਹਾੜੇ ਸਿੱਖ ਰਵਾਇਤਾਂ ਨਾਲ ਸ਼ਰਧਾ ਸਹਿਤ ਮਨਾਏ ਜਾਂਦੇ ਹਨ, ਉੱਥੇ ਨਵੀਂ ਪਨੀਰੀ ਨੂੰ ਸਿਖਿਆ ਰਾਹੀਂ ਗੁਰਸਿੱਖੀ ਨਾਲ ਜੋੜਨ ਦੇ ਹਰ ਸੰਭਵ ਯਤਨ ਕੀਤੇ ਜਾਂਦੇ ਹਨ। ਉਪਰੰਤ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰ ਸਾਹਿਬਾਨ ਵੱਲੋਂ ਗੁਰੂ ਚਰਨਾਂ ਵਿਚ ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਬੋਲੇ ਸੋ ਨਿਹਾਲ ਸਤਿ ਸ੍ਰੀ ਅਕਾਲ ਦੇ ਜੈਕਾਰਿਆਂ ਦੀ ਗੂੰਜ਼ ਵਿਚ ਨਗਰ ਕੀਰਤਨ ਦੀ ਰਵਾਨਗੀ ਕੀਤੀ ਗਈ। ਪਾਲਕੀ ਸਾਹਿਬ ਵਿਚ ਬਿਰਾਜਮਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਅਗਵਾਈ ਵਿਚ ਨਿਸ਼ਾਨ ਸਾਹਿਬ ਅਤੇ ਪੰਜ ਪਿਆਰੇ ਖਾਲਸਾਈ ਸ਼ਾਨੋ ਸ਼ੌਕਤ ਦਾ ਪ੍ਰਦਰਸ਼ਨ ਕਰ ਰਹੇ ਸਨ ਅਤੇ ਨਗਰ ਕੀਰਤਨ ਦੇ ਉਤਸ਼ਾਹ ਅਤੇ ਸ਼ਰਧਾ ਵਿੱਚ ਵਾਧਾ ਕਰ ਰਹੇ ਸਨ। ਨਗਰ ਕੀਰਤਨ ਵਿੱਚ ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ, ਸੀ.ਕੇ.ਡੀ ਇੰਸਟੀਚਿਊਟ ਆਫ ਮੈਨੇਜਮੈਂਟ ਐਂਡ ਟੈਕਨਾਲੋਜੀ, ਸੀ.ਕੇ.ਡੀ ਨਰਸਿੰਗ ਕਾਲਜ, ਸੈਂਟਰਲ ਖ਼ਾਲਸਾ ਯਤੀਮਖਾਨਾ, ਅੰਮ੍ਰਿਤਸਰ ਅਤੇ ਤਰਨਤਾਰਨ ਸ਼ਹਿਰ ਦੇ ਵਿਦਿਅਕ ਅਦਾਰਿਆਂ ਦੇ ਵਿਦਿਆਰਥੀ, ਟੀਚਿੰਗ, ਨਾਨ-ਟੀਚਿੰਗ ਸਟਾਫ, ਪ੍ਰਿੰਸੀਪਲ ਸਾਹਿਬਾਨ ਅਤੇ ਚੀਫ਼ ਖ਼ਾਲਸਾ ਦੀਵਾਨ ਦੇ ਮੈਂਬਰ ਸਾਹਿਬਾਨ ਸ਼ਾਮਲ ਸਨ। ਨਗਰ ਕੀਰਤਨ ਵਿਚ ਵੱਖ-ਵੱਖ ਸਕੂਲਾਂ ਦੀਆਂ ਬੈਂਡ ਅਤੇ ਗਤਕਾ ਟੀਮਾਂ ਨੇ ਆਪਣੇ ਆਪਣੇ ਕਰਤੱਵ ਦਿਖਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਇਹ ਨਗਰ ਕੀਰਤਨ ਜਦੋਂ ਰੇਲਵੇ ਸ਼ਟੇਸ਼ਨ ਮਾਰਗ ਰਾਹੀਂ ਹਾਲ ਗੇਟ ਤੋਂ ਰਸਤੇ ਵਿਚ ਸਜੇ ਬਜ਼ਾਰਾਂ ਵਿਚੋਂ ਲੰਘਿਆਂ ਤਾਂ ਥਾਂ-ਥਾਂ ਤੇ ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰਦਿਆਂ ਨਿੱਘਾ ਸੁਆਗਤ ਕੀਤਾ। ਸਰਦਾਰ ਪਗੜੀ ਹਾਊਸ ਦੇ ਸ੍ਰ.ਤੇਜਿੰਦਰ ਸਿੰਘ ਅਤੇ ਸ੍ਰ. ਅਮਰਜੀਤ ਸਿੰਘ, ਸਰਦਾਰ ਪਗੜੀ ਹਾਊਸ ਐਕਸਕਲੂਸਿਵ ਨੇ ਅਧਿਆਕਾਰੀਆਂ ਦਾ ਨਿੱਘਾ ਸੁਆਗਤ ਕੀਤਾ ਅਤੇ ਸੰਗਤਾਂ ਦੀ ਸੇਵਾ ਕੀਤੀ।

ਸ੍ਰੀ ਹਰਿਮੰਦਰ ਸਾਹਿਬ ਪਹੁੰਚਣ ਤੇ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸੰਗਤਾਂ ਲਈ ਲੰਗਰ ਦਾ ਪ੍ਰਬੰਧ ਕੀਤਾ ਗਿਆ। ਨਗਰ ਕੀਰਤਨ ਵਿੱਚ ਚੀਫ਼ ਖ਼ਾਲਸਾ ਦੀਵਾਨ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ. ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ. ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ, ਆਨਰੇਰੀ ਜਾਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਚੇਅਰਮੈਨ ਧਰਮ ਪ੍ਰਚਾਰ ਕਮੇਟੀ ਪ੍ਰੋ.ਹਰੀ ਸਿੰਘ, ਸ੍ਰ.ਰਬਿੰਦਰਬੀਰ ਸਿੰਘ ਭੱਲਾ, ਪ੍ਰੋ.ਸੂਬਾ ਸਿੰਘ, ਸ੍ਰ.ਨਵਤੇਜ਼ ਸਿੰਘ ਨਾਰੰਗ, ਸ੍ਰ.ਗੁਰਪ੍ਰੀਤ ਸਿੰਘ ਸੇਠੀ, ਸ੍ਰ.ਮੋਹਨਜੀਤ ਸਿੰਘ ਭੱਲਾ, ਸ੍ਰ.ਇੰਦਰਜੀਤ ਸਿੰਘ ਅੜੀ, ਸ੍ਰ.ਹਰਮਨਜੀਤ ਸਿੰਘ, ਸ੍ਰ.ਰਜਿੰਦਰ ਸਿੰਘ ਮਰਵਾਹਾ, ਸ੍ਰ.ਜਸਬੀਰ ਸਿੰਘ, ਸ੍ਰ.ਸਰਬਜੋਤ ਸਿੰਘ, ਸ੍ਰ.ਪ੍ਰਦੀਪ ਸਿੰਘ ਵਾਲੀਆ, ਸ੍ਰ.ਅਮਰਦੀਪ ਸਿੰਘ ਮਰਵਾਹਾ, ਪ੍ਰਿੰਸੀਪਲ ਨਾਨਕ ਸਿੰਘ, ਡਾ.ਆਤਮਜੀਤ ਸਿੰਘ ਬਸਰਾ, ਸ੍ਰ.ਸਰਬਜੀਤ ਸਿੰਘ ਤਰਨਤਾਰਨ, ਸ੍ਰ.ਗੁਰਿੰਦਰ ਸਿੰਘ ਢੀਂਗਰਾ, ਸ੍ਰ.ਮਨਜੀਤ ਸਿੰਘ ਨਰੂਲਾ, ਸ੍ਰ.ਮਨਪ੍ਰੀਤ ਸਿੰਘ, ਸ੍ਰ.ਜਗਜੀਤ ਸਿੰਘ ਵਾਲੀਆ, ਸ੍ਰ.ਬਲਵਿੰਦਰ ਸਿੰਘ ਬਵੇਜਾ, ਸ੍ਰ. ਅਜੀਤਪਾਲ ਸਿੰਘ ਅਨੇਜਾ, ਸ੍ਰ.ਜਤਿੰਦਰਬੀਰ ਸਿੰਘ, ਸ੍ਰ.ਗੁਰਭੇਜ ਸਿੰਘ, ਡਾ.ਸਾਬਰ, ਅੰਡਰ ਸੈਕਟਰੀ ਸ੍ਰ.ਹਰਭਜਨ ਸਿੰਘ, ਡਾ.ਧਰਮਵੀਰ ਸਿੰਘ, ਡਾ. ਅੰਮ੍ਰਿਤਪਾਲ ਸਿੰਘ ਚਾਵਲਾ ਆਦਿ ਬਹੁਤ ਸਾਰੇ ਪਤਵੰਤੇ ਸੱਜਣ ਸ਼ਾਮਲ ਹੋਏ।

-ਚਲਦਾ ਪੰਨਾ 10



# ਸੰਪਾਦਕੀ

## ਸਿੱਖ ਵਿਰਾਸਤ ਸੰਭਾਲਣ ਲਈ ਸੁਚੇਤ ਹੋਣ ਦੀ ਲੋੜ

ਦੁਸ਼ਟ ਦਮਨ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ 356ਵਾਂ ਪ੍ਰਕਾਸ਼ ਪੁਰਬ ਵਿਸ਼ਵ ਭਰ ਵਿਚ ਬੇਸ਼ਕ ਸਿੱਖੀ ਰਵਾਇਤਾਂ ਅਨੁਸਾਰ ਪੂਰੇ ਜਾਹੋ ਜਲਾਲ ਨਾਲ ਮਨਾਇਆ ਗਿਆ ਪਰ ਸਿੱਖੀ ਸਰੂਪ ਦੀ ਤਸਵੀਰ ਧੁੰਦਲੀ ਨਜ਼ਰ ਆਈ। ਨਿਰਸੰਦੇਹ ਨਗਰ ਕੀਰਤਨਾਂ ਅਤੇ ਗੁਰੂ ਘਰਾਂ ਵਿਚ ਨਮਸਤਕ ਹੋਣ ਲਈ ਆਈਆਂ ਸੰਗਤਾਂ ਦੇ ਸੈਲਾਬ ਨੇ ਦਸਮ-ਪਿਤਾ ਨੂੰ ਸ਼ਰਧਾਂਜਲੀਆਂ ਅਰਪਨ ਕੀਤੀਆਂ, ਕੀਰਤਨ ਦਰਬਾਰ, ਵਖਿਆਨ, ਦੀਪਮਾਲਾ, ਨਾਨਾ ਪ੍ਰਕਾਰ ਦੇ ਲੰਗਰ ਵੀ ਲਗਾਏ ਗਏ ਪਰ ਦਸਮ-ਪਿਤਾ ਦੇ ਇਸ ਕਥਨ **ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ।। ਚਾਰੇ ਮੂਏ ਤੋ ਕਿਆ ਹੂਆ ਜੀਵਤ ਕਈ ਹਜਾਰ ।।** ਦਾ ਕਥਨ ਅਜੋਕੀ ਪੀੜੀ ਵਿਚ ਆਟੇ ਵਿਚ ਲੂਣ ਵਾਂਗ ਹੀ ਨਜ਼ਰ ਆਇਆ।

ਨਵੇਂ ਫੈਸ਼ਨ ਦੇ ਹੜ ਦੀ ਮਾਰ ਹੇਠ ਆਈ ਸਿੱਖ ਨੌਜੁਆਨ ਪੀੜੀ, ਮਾਡਰਨ ਦਿਖ ਲਈ ਜਿਸ ਤਰ੍ਹਾਂ ਮਾਣਮਤਾ ਸੁੰਦਰ ਸਿੱਖੀ ਸਰੂਪ ਤਿਆਗ ਕੇ ਪਤਿਤਪੁਣੇ ਤੇ ਨਸ਼ਾਖੋਰੀ ਦਾ ਸ਼ਿਕਾਰ ਹੋ ਰਹੀ ਹੈ ਉਹ ਦਸਮ-ਪਿਤਾ ਦਾ ਆਪਣੇ ਖਾਲਸਾ ਪੰਥ ਦੇ ਸਾਜੇ ਜਾਣ ਦਾ ਭਵਿਖਮਈ ਸੁਪਨਾ ਸਾਕਾਰ ਹੋਣ ਨਹੀ ਦੇ ਰਹੇ। ਹਾਲਾਂ ਕਿ ਮੈਡੀਕਲ ਸਾਇੰਸ ਦੀਆਂ ਖੋਜਾਂ ਨੇ ਵੀ ਪਤਿਤਪੁਣੇ ਅਤੇ ਨਸ਼ਾਖੋਰੀ ਨੂੰ ਤੰਦਰੁਸਤ ਜੀਵਨ ਲਈ ਸਭ ਤੋਂ ਵਧੇਰੇ ਘਾਤਕ ਸਿੱਧ ਕਰ ਦਿੱਤਾ ਹੈ। ਪਰ ਅਸੀਂ ਆਪਣੀ ਅਮੀਰ ਸਿੱਖੀ ਵਿਰਾਸਤ ਤੋਂ ਅਵੇਸਲੇ ਹੋ ਕੇ ਪਤਿਤ ਪੁਣੇ ਤੇ ਨਸ਼ਾਖੋਰੀ ਦੀ ਦਲਦਲ ਵਿਚ ਫਸਦੇ ਜਾ ਰਹੇ ਹਾਂ ਜਿਸ ਨਾਲ ਸਿੱਖੀ ਸਰੂਪ ਦਾ ਗ੍ਰਾਫ਼ ਦਿਨੋ ਦਿਨ ਹੇਠਾਂ ਖਿਸਕ ਰਿਹਾ ਹੈ ਜੋ ਬਹੁਤ ਗੰਭੀਰ ਸਥਿਤੀ ਪੈਦਾ ਕਰ ਰਿਹਾ ਹੈ।

ਜਿਸ ਤਰ੍ਹਾਂ ਬਿਹਾਰ ਦੇ ਮੁੱਖ ਮੰਤਰੀ ਸ੍ਰੀ ਨਿਤੀਸ਼ ਕੁਮਾਰ ਨੇ ਪਟਨੇ ਸ਼ਹਿਰ ਦੇ ਇਤਿਹਾਸਕ ਗੁਰੂ ਘਰਾਂ ਦਾ ਸੁੰਦਰੀਕਰਨ ਕਰਨ ਲਈ ਹਰ ਸੰਭਵ ਯਤਨ ਕਰਨ ਦਾ ਐਲਾਨ ਕੀਤਾ ਹੈ। ਏਸੇ ਤਰ੍ਹਾਂ ਸਾਨੂੰ ਸਿੱਖ ਨੌਜੁਆਨ ਪੀੜੀ ਨੂੰ ਅਜੋਕੀ ਸੰਚਾਰ ਪ੍ਰਣਾਲੀ ਦੇ ਮਾਧਿਅਮ ਰਾਹੀਂ ਸੁਚੇਤ ਕਰਦਿਆਂ ਸਿੱਖੀ ਵਿਰਾਸਤ ਨਾਲ ਜੋੜਨ ਲਈ ਲੋੜੀਂਦੇ ਜਤਨ ਕਰਨ ਦੀ ਲੋੜ ਹੈ। ਮੇਰੇ ਵਿਚਾਰ ਅਨੁਸਾਰ ਅਜਿਹਾ ਕਾਰਜ ਕਰਨ ਲਈ ਹਰੇਕ ਘਰ ਦੇ ਮਾਤਾ-ਪਿਤਾ, ਬਜ਼ੁਰਗਾਂ ਨੂੰ ਖੁਦ ਸਿੱਖੀ ਜੀਵਨ ਦੇ ਰੋਲ ਮਾਡਲ ਬਣਕੇ ਆਪਣੀ ਪੀੜ੍ਹੀ ਨੂੰ ਪ੍ਰੇਰਨਾ ਕਰਨ ਦੀ ਲੋੜ੍ਹ ਹੈ।

ਖੁਸ਼ੀ ਤੇ ਧਰਵਾਸ ਦੀ ਗਲ ਹੈ ਕਿ ਚੀਫ਼ ਖ਼ਾਲਸਾ ਦੀਵਾਨ ਦੇ ਮੌਜੂਦਾ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਉਨ੍ਹਾਂ ਦੀ ਟੀਮ ਦੇ ਬਹੁਤ ਸਾਰੇ ਮੈਂਬਰ ਆਪਣੇ ਬਜ਼ੁਰਗਾਂ ਤੋਂ ਮਿਲੀ ਸਿੱਖੀ ਵਿਰਾਸਤ ਦਾ ਪ੍ਰਦਰਸ਼ਨ ਕਰ ਰਹੇ ਹਨ। ਨੰਗੇ ਪੈਰ, ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਨੂੰ ਸੀਸ ਤੇ ਚੁਕਣਾ, ਪੰਗਤ ਵਿਚ ਬੈਠ ਕੇ ਲੰਗਰ ਛੱਕਣਾ, ਲੰਗਰ ਵਿਚ ਸੰਗਤਾਂ ਦੇ ਜੂਠੇ ਬਰਤਨ ਸਾਫ ਕਰਨ ਦੀ ਸੇਵਾ ਆਦਿ ਕਰਨ ਦੀ ਭਾਵਨਾ, ਦੀਵਾਨ ਦੇ ਸਮੂਹ ਅਧਿਕਾਰੀਆਂ, ਮੈਂਬਰਾਂ, ਕਰਮਚਾਰੀਆਂ ਅਤੇ ਅਧਿਆਪਕ ਸਾਹਿਬਾਨ ਨੂੰ ਅਮਲੀ ਰੂਪ ਵਿਚ ਪ੍ਰਦਰਸ਼ਤ ਕਰਨ ਦੀ ਲੋੜ ਹੈ। ਅਜਿਹਾ ਜਤਨ ਹੀ ਦੀਵਾਨ ਦੀਆਂ ਸੰਸਥਾਵਾਂ ਨਾਲ ਜੁੜੀ ਨੌਜੁਆਨ ਪੀੜ੍ਹੀ ਨੂੰ ਸਿੱਖੀ ਵਿਰਾਸਤ ਨਾਲ ਜੁੜਨ ਦੀ ਸਾਰਥਿਕ ਪ੍ਰੇਰਨਾ ਦੇ ਕੇ ਦਸਮ ਪਿਤਾ ਦੇ ਸੁਪਨੇ ਨੂੰ ਸਾਕਾਰ ਕਰਨ ਵਿਚ ਵਡਮੁਲਾ ਯੋਗਦਾਨ ਪਾ ਸਕਦਾ ਹੈ।

**ਡਾ. ਜਸਬੀਰ ਸਿੰਘ ਸਾਬਰ**
ਮੁੱਖ ਸੰਪਾਦਕ

ਸਰਪ੍ਰਸਤ: ਡਾ ਇੰਦਰਬੀਰ ਸਿੰਘ ਨਿਜ਼ਰ
ਸ. ਰਾਜਮੋਹਿੰਦਰ ਸਿੰਘ ਮਜੀਠਾ

**ਸੰਪਾਦਕ : ਡਾ. ਜਸਬੀਰ ਸਿੰਘ ਸਾਬਰ** 9888460180
**ਸਹਿ. ਸੰਪਾਦਕ: (ਖਬਰਨਾਮਾ) ਮਨਜੀਤ ਕੌਰ ਪੀ. ਆਰ. ਓ.** 8872042060

**ਸਲਾਹਕਾਰ :**
**ਸ੍ਰ.ਅਮਰਜੀਤ ਸਿੰਘ ਵਿਕਰਾਂਤ, ਸ੍ਰ.ਜਗਜੀਤ ਸਿੰਘ, ਸ੍ਰ.ਸੰਤੋਖ ਸਿੰਘ ਸੇਠੀ, ਸ. ਸਵਿੰਦਰ ਸਿੰਘ ਕੱਥੂਨੰਗਲ, ਸ. ਅਜੀਤ ਸਿੰਘ ਬਸਰਾ, ਪ੍ਰੋ. ਵਰਿਆਮ ਸਿੰਘ, ਬੀਬੀ ਕਿਰਨਜੋਤ ਕੌਰ, ਸ. ਭਗਵੰਤਪਾਲ ਸਿੰਘ ਸੱਚਰ, ਸ. ਸੁਖਜਿੰਦਰ ਸਿੰਘ ਪ੍ਰਿੰਸ, ਡਾ. ਧਰਮਵੀਰ ਸਿੰਘ।**

***ਪ੍ਰਕਾਸ਼ਕ***
**ਖ਼ਾਲਸਾ ਟ੍ਰੈਕਟ ਸੁਸਾਇਟੀ ਚੀਫ਼ ਖ਼ਾਲਸਾ ਦੀਵਾਨ**
**ਜੀ.ਟੀ. ਰੋਡ, ਅੰਮ੍ਰਿਤਸਰ - 143001**
Ph.- 0183-2562253 • E-mail- ktsckd@gmail.com

**ਪ੍ਰਿੰਟਰ: ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ**
E-mail- printwellasr@gmail.com

## ਭਾਈ ਸਾਹਿਬ ਭਾਈ ਵੀਰ ਸਿੰਘ ਦੀ ਕਲਮ ਤੋਂ

### ਦੁੱਖ ਸੁਖ

ਆਸਮਾਨ ਨੂੰ ਅਸਾਂ ਪੁੱਛਿਆ
ਦੁੱਖ ਸਹਿਣ ਦੀ ਦੱਸੀਂ ਗੱਲ।
ਗਰਜ ਕਿਹਾ ਉਸ ਨੀਲੇ ਬੁੱਢੇ
ਝੱਲ, ਝੱਲ, ਬਈ ਝਲਦਾ ਚੱਲ।
ਅਸਾਂ ਕਿਹਾ: ਹੈ ਝੱਲਣ ਔਖਾ
ਹੋਰ ਦੱਸ ਕੁਈ ਸੌਖੀ ਗੱਲ?
ਖਿਰਨ ਛਿੜੀ ਫਿਰ ਬਦਲਾਂ ਵਿਚੋਂ
ਝੱਲ ਝੱਲ ਬਈ ਝਲ ਝਲ ਝੱਲ।
ਚੀਰ ਗਗਨ ਨੂੰ ਅਰਜ਼ ਅਸਾਡੀ,
ਨਿਕਲ ਗਈ ਫਿਰ ਦੂਜੀ ਵੱਲ,
ਵਾਜ਼ ਆਈ: ਰਖ ਨਜ਼ਰ ਅਸਾਂ ਵਲ
ਦੁਖ ਜਾਏਗਾ ਐਦਾਂ ਟੱਲ।
ਬੁਰਾ ਨਹੀਂ ਹੈ ਭਲਾ ਹੈ ਸਭ ਕੁਛ
ਦੁੱਖ ਨਹੀਂ ਹੈ ਸਭ ਹੀ ਸੁੱਖ,
ਸਾਥੋਂ ਵਿਛੁੜ ਦੁਖ ਦੁਖ ਲਗਦੇ
ਮਿਲਿਆ ਰਹੇਂ ਤਾਂ ਰਹਿਸੇਂ ਵੱਲ।



# ਭਾਈ ਵੀਰ ਸਿੰਘ ਜੀ ਦੀ ਕਲਮ ਤੋਂ....................
# ਦਸਮ ਪਿਤਾ ਜੀ ਦੇ 356ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਤ ਵਿਸ਼ੇਸ਼ ਲੇਖ



ਇਕ ਰਾਜਾ ਸੀ। ਇਹ ਖਤ੍ਰੀ ਸੀ। ਇਸ ਦੀ ਜਾਤ ਮੈਣੀ ਸੀ। ਇਹ ਬੀ ਪਟਣੇ ਹੀ ਰਹਿੰਦਾ ਸੀ। ਬਹੁਤ ਭੋਆਂ ਦਾ ਮਾਲਕ। ਇਹ ਫੌਜਾਂ ਵਾਲਾ ਰਾਜਾ ਨਹੀਂ ਸੀ, ਵਡਾ ਜ਼ਿੰਮੀਦਾਰ ਭੋਆਂ ਵਾਲਾ ਤੇ ਪੈਸੇ ਵਾਲਾ ਹੋਣ ਕਰਕੇ ਏਸ ਨੂੰ ਸਰਕਾਰ ਵਲੋਂ ਰਾਜਾ ਕਰਕੇ ਲਿਖਿਆ ਜਾਂਦਾ ਸੀ। ਸਰਕਾਰ ਵਲੋਂ ਇਹ ਅੱਖਰ ਉਸ ਦੇ ਨਾਂ ਨਾਲ ਲਿਖਣ ਤੇ ਬੋਲਣ ਦਾ ਹੁਕਮ ਜਾਰੀ ਹੋ ਗਿਆ ਸੀ।

ਇਹ ਰਾਜਾ ਤੇ ਇਸ ਦੀ ਵਹੁਟੀ ਬਹੁਤੇ ਭਲੇ ਲੋਕ ਹੈਸਨ। ਏਸੇ ਤਰ੍ਹਾਂ ਦਾ ਹੀ ਰਾਜਾ ਸ਼ਿਵਦੱਤ ਸੀ। ਉਹ ਬ੍ਰਾਹਮਣ ਸੀ। ਇਹਨਾਂ ਦੋਹਾਂ ਦਾ ਪਿਆਰ ਹੈਸੀ। ਪਰ ਫਤੇ ਚੰਦ ਖੱਤ੍ਰੀ ਹੋਣ ਕਰਕੇ ਸ਼ਿਵਦੱਤ ਬ੍ਰਾਹਮਣ ਦਾ ਅਦਬ ਰੱਖਦਾ ਤੇ ਮੱਥਾ ਟੇਕਦਾ ਹੁੰਦਾ ਸੀ। ਫਤੇ ਚੰਦ ਦੇ ਘਰ ਉਲਾਦ ਨਹੀਂ ਸੀ। ਉਹ ਸੋਚਦਾ ਹੁੰਦਾ ਸੀ ਕਿ ਮੇਰੇ ਮਰ ਜਾਣ ਮਗਰੋਂ ਮੇਰੀਆਂ ਭੋਆਂ, ਪੈਸੇ, ਮਾਲ ਮਿਲਖ ਕੌਣ ਸਾਂਭੇਗਾ। ਸੋ ਕਦੇ ਕਦੇ ਸ਼ਿਵਦੱਤ ਨੂੰ ਕਹਿੰਦਾ ਹੁੰਦਾ ਸੀ ਕਿ ਮੇਰੇ ਲਈ ਭਗਵਾਨ ਨੂੰ ਆਖ ਜੋ ਮੈਨੂੰ ਇਕ ਪੁੱਤ ਦੇ ਦੇਵੇ। ਸ਼ਿਵਦੱਤ ਆਖੇ, ਰਾਜਾ ਮੈਂ ਤਾਂ ਬਥੇਰਾ ਜ਼ੋਰ ਲਾਇਆ ਹੈ, ਪਰ ਪੇਸ਼ ਕੋਈ ਨਹੀਂ ਜਾਂਦੀ। ਹੁਣ ਸ਼ਿਵਦੱਤ ਨੇ ਰਾਜੇ ਨੂੰ ਆਖਿਆ:ਭਾਈ ਹੁਣ ਭਗਵਾਨ ਧਰਤੀ ਤੇ ਰੂਪ ਵਾਲਾ ਹੋ ਕੇ ਆ ਗਿਆ ਹੈ। ਮੈਨੂੰ ਸਮਾਧੀ ਵਿਚ ਵੀ ਦਿਸ ਪਿਆ ਏ ਤੇ ਮੈਂ ਅੱਖਾਂ ਨਾਲ ਵੇਖਕੇ ਪੂਰੀ ਨਿਸ਼ਾ ਖਾਤਰ ਬੀ ਕਰ ਲਈ ਏ, ਕੋਈ ਰਤੀ ਰਵਾਲ ਜਿੰਨਾ ਸ਼ੁਬ੍ਹਾ ਨਹੀਂਓਂ ਰਿਹਾ।

ਪੰਡਤ ਜੀ ਸਾਹਿਬਜ਼ਾਦੇ (ਗੋਬਿੰਦ ਰਾਏ) ਜੀ ਨੂੰ ਬਾਲਾ ਪ੍ਰੀਤਮ ਕਿਹਾ ਕਰਦੇ ਸਨ। ਸੋ ਉਹਨਾਂ ਨੇ ਫਤੇ ਚੰਦ ਨੂੰ ਨਾਮ ਦਸ ਦਿੱਤਾ, ਪਰ ਘਰ ਪਤਾ ਕੁਛ ਨਾ ਦੱਸਿਆ। ਜਦ ਉਸ ਪੁਛਿਆ ਤਾਂ ਕਹਿਣ ਲੱਗਾ: ਤੁਸੀਂ ਦੁਇ ਵਹੁਟੀ ਗੱਭਰੂ ਉਹਨਾਂ ਨੂੰ ਯਾਦ ਕਰਿਆ ਕਰੋ। ਅੱਖਾਂ ਮੀਟਕੇ ਬੈਠੋ, ਜੋ ਮੰਗਣਾ ਚਾਹੋ ਮੰਗਿਆ ਕਰੋ, ਉਹ ਮੰਗ ਪੂਰੀ ਕਰਨਗੇ ਤੇ ਆਪੇ ਤੁਸਾਂ ਨੂੰ ਆ ਮਿਲਣਗੇ।

ਸੋ ਹੁਣ ਤੋਂ ਫਤੇ ਚੰਦ ਤੇ ਉਸਦੀ ਵਹੁਟੀ ਨੇ ਬਾਲਾ-ਪ੍ਰੀਤਮ ਦਾ ਨਾਮ ਲੈਣਾ, ਅੱਖਾਂ ਮੀਟਕੇ ਬੈਠ ਕੇ ਮਿੰਨਤਾਂ ਕਰਨੀਆਂ, ਆਓ ਦਰਸ਼ਨ ਦਿਓ, ਪੁਤ ਬਖਸ਼ੋ, ਬਾਲਾ ਪ੍ਰੀਤਮ ਜੀ ਆਓ * ਆਓ * ਇਸ ਤਰ੍ਹਾਂ ਸ਼ਿਵਦੱਤ ਦੇ ਇਹ ਨਾਉਂ ਲੋਕਾਂ ਦੇ ਸੱਦਣ ਵਿਚੋਂ ਬਾਲਾ ਪ੍ਰੀਤਮ' ਵੀ ਪੈ ਗਿਆ ਸੀ।

ਕਿੰਨਾ ਚਿਰ ਰਾਜਾ ਰਾਣੀ ਬੇਨਤੀਆਂ ਕਰਦੇ ਰਹੇ ਆਪਣੇ ਘਰ ਸੁਹਣੇ ਮੰਦਰ ਵਿਚ ਬੈਠੇ ਹੋਏ, ਪਰ ਨਾ ਤਾਂ ਬਾਲਾ ਪ੍ਰੀਤਮ ਜੀ ਆਏ, ਨਾ ਉਹਨਾਂ ਦੇ ਘਰ ਕੋਈ ਬਾਲ ਜੰਮਿਆ।

ਇਕ ਦਿਨ ਫਤੇ ਚੰਦ ਨੇ ਆਪਣੀ ਵਹੁਟੀ ਨੂੰ ਕਿਹਾ ਕਿ ਭਾਗਵਾਨੇ ਮੈਂ ਤਾਂ ਹੁਣ ਪੁਤ ਕੋਈ ਨਹੀਂ ਮੰਗਦਾ, ਮੈਂ ਤਾਂ ਬਾਲਾ ਪ੍ਰੀਤਮ ਤੇ ਉਹਨਾਂ ਦਾ ਦਰਸ਼ਨ ਮੰਗਦਾ ਹਾਂ, ਜੇ ਓਹ ਇਕ ਵੇਰੀ ਮੈਨੂੰ ਦਿੱਸ ਪੈਣ ਤੇ ਮੈਂ ਮੱਥਾ ਟੇਕ ਲਵਾਂ। ਮੇਰਾ ਭਰੋਸਾ ਬੱਝ ਗਿਆ ਹੈ ਕਿ ਮੈਂ ਜੋ ਮੱਥਾ ਚਰਨਾਂ ਨੂੰ, ਸੁਹਣੇ ਸੁਹਣੇ ਕਦਮਾਂ ਨੂੰ, ਲਾ ਲਿਆ ਤਾਂ ਮੈਂ ਦੁਨੀਆਂ ਵਿਚ ਸੁਖੀ ਹੋ ਜਾਵਾਂਗਾ ਤੇ ਮਰ ਕੇ ਅੱਗੇ ਜਾ ਕੇ ਬੀ ਸੁਖੀ ਰਹਾਂਗਾ, ਕੀਹ ਕਰਨਾ ਹੈ ਪੁੱਤ ਨੂੰ ਤੇ ਦੌਲਤ ਨੂੰ, ਸਭੇ ਕੁਛ ਤਾਂ ਛੱਡ ਜਾਈਦਾ ਹੈ। ਇਹ ਗਲਾਂ ਸੁਣਕੇ ਫਤੇ ਚੰਦ ਮੈਣੀ ਦੀ ਵਹੁਟੀ, ਜਿਸਨੂੰ ਮੇਣਿਆਣੀ ਆਖਦੇ ਸਨ, ਨੇ ਬੀ ਪੁੱਤ੍ਰ ਦੀ ਮੰਗ ਛੋੜ ਦਿੱਤੀ। ਹੁਣ ਡਾਢੇ ਪਿਆਰ ਵਿਚ ਬੈਠ ਕੇ ਬਾਲਾ ਪ੍ਰੀਤਮ ਦਾ ਦਰਸ਼ਨ ਮੰਗਿਆ ਕਰਨ।

ਬਾਲਾ ਪ੍ਰੀਤਮ ਨਾਮ ਸ਼ਿਵਦੱਤ ਨੇ ਕਿਉਂ ਰੱਖਿਆ ਸੀ? ਪ੍ਰੀਤਮ ਆਖਦੇ ਹਨ ਡਾਢੇ ਪਿਆਰੇ ਨੂੰ, ਭਗਤ ਲੋਕ ਰੱਬ ਜੀ ਨੂੰ ਪ੍ਰੀਤਮ ਕਰਕੇ ਬੀ ਬੋਲਦੇ ਹਨ, ਸਭ ਤੋਂ ਵੱਧ ਜੁ ਪਿਆਰਾ ਹੋਇਆ: ਤੇ ਬਾਲਾ ਆਖਦੇ ਹਨ ਬਾਲਕ ਨੂੰ, ਨਿਕੇ ਜਿਹੇ ਨੂੰ, ਨਾਲੇ ਫ਼ਾਰਸੀ ਵਾਲੇ ਬਾਲਾ ਵਡੇ ਨੂੰ ਆਖਦੇ ਹਨ। ਸ਼ਿਵ ਦੱਤ ਆਖਦਾ ਸੀ ਬਾਲਾ: ਕਿ ਦਿੱਸਦੇ ਹਨ ਨਿੱਕੇ ਜਿਹੇ ਬਾਲਕੇ ਪਰ ਹੈਨ ਸਭ ਤੋਂ ਉਚੇ ਤੇ ਵਡੇ। ਇਸ ਕਰਕੇ ਆਖਦਾ ਸੀਂ ਬਾਲਾ ਪ੍ਰੀਤਮ'।

ਸੋਈ ਹੁਣ ਫਤੇ ਚੰਦ ਜੀ ਤੇ ਰਾਣੀ, ਦੁਇ ਆਖਣ ਤੇ ਯਾਦ ਕਰਨ ਅਤੇ ਇਹੋ ਨਾਂ ਲੈ ਲੈ ਕੇ ਵਾਜਾਂ ਮਾਰਨ। ਜਦ ਅੱਖਾਂ ਮੀਟ ਕੇ ਚੁਪ ਚਾਪ ਧਿਆਨ ਲਾ ਕੇ ਬੈਠਣ ਤਦ ਬੀ ਇਹੋ ਦੋ ਅੱਖਰ ਬਾਲਾ ਪ੍ਰੀਤਮ ਕਹਿ ਕਹਿ ਕੇ ਮਨ ਦੀ ਮੰਗ ਮੰਗੀ ਜਾਣ। ਪਰ ਹੁਣ ਮੰਗ ਇਕੋ ਸੀ ਦਰਸ਼ਨ ਦਿਓ।

ਇਕ ਦਿਨ ਫਤੇ ਚੰਦ ਤੇ ਉਸਦੀ ਰਾਣੀ ਅੱਖਾਂ ਨੂਟ ਕੇ ਬਾਲਾ ਪ੍ਰੀਤਮ ਦਾ ਧਿਆਨ ਜੋੜਦੇ ਮਸਤ ਹੋ ਗਏ। ਜਿਵੇਂ ਹੋਸ਼ ਹੀ ਨਹੀਂ ਰਹਿੰਦੀ। ਪਰ ਇਹ ਹੋਸ਼ ਇੰਨੀ ਕੁ ਅਜੇ ਹੈਸੀ:- ਦਰਸ਼ਨ ਦਿਓ। ਅਚਾਨਕ ਕੀ ਹੋਇਆ ਕਿ ਰਾਣੀ ਦੇ ਗਲੇ ਗਲਵੱਕੜੀ ਪੈ ਗਈ ਤੇ ਗੋਦੀ ਵਿਚ ਕੋਈ ਬਾਲਕ ਬੈਠ ਗਿਆ ਤੇ ਇਸ ਬਾਲਕ ਨੇ ਡਾਢੀ ਮਿੱਠੀ ਸੱਦ ਕੰਨ ਵਿਚ ਦਿੱਤੀ:- **ਮਾਂ**

ਰਾਣੀ ਦੇ ਕੰਨਾਂ ਵਿਚ ਮਾਂ **ਮਾਂ** ਅੱਖਰ ਗੂੰਜ਼ ਪਿਆ, ਤ੍ਰਬ੍ਰਕ ਕੇ ਅੱਖ ਖੁਲ੍ਹ ਗਈ, ਨੀਝ ਲਾ ਲਾ ਅੱਖਾਂ ਪੱਟ ਪੱਟ ਵੇਖੇ ਤਾਂ ਕੀ ਵੇਖੇ ਕਿ ਬਾਲਾ ਪ੍ਰੀਤਮ ਆਪ ਗੋਦੀ ਵਿਚ ਆ ਬੈਠਾ ਹੈ ਤੇ ਉਸ ਨੂੰ **ਮਾਂ** ਕਹਿ ਰਿਹਾ ਹੈ। ਵੇਖੋ ਬਈ, ਨਾਲੇ ਤਾਂ ਬਾਲਾ ਪ੍ਰੀਤਮ ਦੇ ਦਰਸ਼ਨ ਹੋ ਗਏ, ਨਾਲੇ ਉਹ ਪੁਤ ਹੋ ਕੇ ਗੋਦੀ ਵਿਚ ਆ ਬੈਠਾ ਹੈ। ਪੁੱਤ ਵੀ ਮਿਲ ਪਿਆ ਤੇ ਗੋਬਿੰਦ ਰੂਪ ਆਪ ਗੋਬਿੰਦ ਬੀ ਮਿਲ ਪਿਆ। ਮਾਂ ਹੁਣ ਡਾਢੇ ਸੁਆਦ ਵਿਚ ਦੈਵੀ ਬਾਲਕੇ ਨੂੰ ਘੁਟ ਘੁਟ ਕੇ ਮਗਨ ਹੋ ਗਈ, ਸਮਝੋ ਸੁਆਦ ਲੈਂਦੀ ਸੁਆਦ ਵਿਚ ਡੁੱਬ ਗਈ।

ਬਾਲਾ ਪ੍ਰੀਤਮ ਨਾਲ ਕਈ ਮੁੰਡੇ ਹੋਰ ਆਏ ਸਨ ਖੇਡਦੇ ਖਾਡਦੇ। ਓਹ ਬਾਹਰ ਵਿਹੜੇ ਵਿਚ ਖੜੇ ਇਹ ਕੌਤਕ ਦੇਖਕੇ ਕਿਸੇ ਅਦਬ ਵਿਚ ਆਏ ਚੁਪ ਖੜੋਤੇ ਸਨ, ਏਨੇ ਨੂੰ ਪੰਡਿਤ ਸ਼ਿਵਦੱਤ ਜੀ ਆ ਗਏ। ਉਨ੍ਹਾਂ ਨੂੰ ਓਹ ਯਾਦ ਆਇਆ ਕਿ ਖੜੇ ਹੋ ਗਏ ਤੇ ਗਾਉਣ ਲਗ ਪਏ:-

**ਤੂੰਹੀ ਤੂੰਹੀ ਤੂੰਹੀ ਤੂੰਹੀ ਤੂੰਹੀ ਤੂੰਹੀ !**

ਹੁਣ ਬਾਲਾ ਪ੍ਰੀਤਮ ਜੀ ਉਠੇ, ਖੜੇ ਹੋ ਗਏ ਤੇ ਡਾਢੀ ਮਿੱਠੀ ਸੁਰ ਵਿਚ ਬੋਲਣ ਲਗ ਪਏ ਜਿਵੇਂ ਮਿਠਾ ਮਿਠਾ ਰਾਗ ਹੁੰਦਾ ਏ, **ਤੂੰਹੀ, ਤੂੰਹੀ, ਤੂੰਹੀ, ਤੂੰਹੀ, ਤੂੰਹੀ ਤੂੰਹੀ !**






ਥੋੜਾ ਚਿਰ ਇਹੋ ਸੁਆਦ ਬੱਝਾ ਰਿਹਾ। ਸਾਰੇ ਸਮਝ ਗਏ ਕਿ ਇਹ ਬਾਲਕ ਨਹੀਂ, ਇਹ ਰੱਬ ਜੀ ਦਾ ਆਪਣਾ ਪੁੱਤਰ ਏ। ਪਰ ਬਾਲਾ ਪ੍ਰੀਤਮ ਜੀ ਹੁਣ ਆਪਣੇ ਬਾਲਾਂ ਵਾਲੇ ਰੰਗ ਵਿਚ ਆ ਗਏ। ਮੈਣਿਆਣੀ ਨੂੰ ਕਹਿਣ ਲਗੇ: ਮਾਂ! ਮਾਂ! ਭੁੱਖ ਲੱਗੀ ਏ!

ਰਾਣੀ ਨੇ ਆਦਮੀ ਨੂੰ ਕਿਹਾ ਬਜ਼ਾਰੋਂ ਮਿਠਾਈ ਲਿਆ, ਪਰ ਬਾਲਾ ਪ੍ਰੀਤਮ ਜੀ ਨੇ ਕਿਹਾ-

ਅੰਦਰ ਪੂਰੀ ਛੋਲੇ ਪਏ ਹਨ, ਉਹੋ ਖਾਸਾਂ! ਰਾਣੀ ਨੂੰ ਚੇਤਾ ਆ ਗਿਆ ਕਿ ਪੂਰੀ ਛੋਲੇ ਅੰਦਰ ਪਏ ਹਨ। ਝੱਟ ਉਠੀ ਤੇ ਅੰਦਰੋਂ ਸਾਰੇ ਛੋਲੇ ਪੂਰੀਆਂ ਚਕਿ ਲਿਆਈ। ਬਾਲਾ ਪ੍ਰੀਤਮ ਜੀ ਐਉਂ ਪਏ ਜਿਵੇਂ ਕੋਈ ਭੁੱਖਾ ਬਾਲ ਪੈਂਦਾ ਏ, ਪਰ ਵੇਖੋ ਪੂੜੀਆਂ ਛੋਲੇ ਲੈ ਕੇ ਖਾਣ ਨਹੀਂ ਲਗ ਪਏ ਸਨ, ਵਰਤਾਉਣ ਲਗ ਪਏ। ਪਹਿਲੇ ਪੰਡਤ ਜੀ ਨੂੰ ਦਿੱਤੇ ਫੇਰ ਰਾਜਾ ਫਤੇ ਚੰਦ ਮੈਣੀ ਨੂੰ ਦਿਤੇ, ਜੋ ਆਪ ਦੇ ਚੋਜ ਨੂੰ ਵੇਖ ਵੇਖ ਕੇ ਨਿਹਾਲ ਹੋ ਰਿਹਾ ਸੀ, ਤੇ ਸਦਕੇ ਸਦਕੇ ਪਿਆ ਹੁੰਦਾ ਸੀ, ਕਦੇ ਪੈਰਾਂ ਨੂੰ ਹੱਥ ਲਾ ਲਾ ਆਪਣੇ ਮੱਥੇ ਨੂੰ ਲਾਉਂਦਾ ਸੀ। ਉਸ ਨੇ ਇਹ ਪਦਾਰਥ ਬਾਲਾ ਪ੍ਰੀਤਮ ਜੀ ਦੇ ਹੱਥੋਂ ਲੈ ਕੇ ਸ਼ੁਕਰ ਸ਼ੁਕਰ ਆਖਿਆ। ਉਧਰ ਬਾਲਾ ਪ੍ਰੀਤਮ ਜੀ ਨੇ ਪੰਗਤ ਲੁਆ ਕੇ, ਜਿਹੜੇ ਕੁਝ ਬਾਲਕੇ ਨਾਲ ਆਏ ਸਨ, ਉਨ੍ਹਾਂ ਵਿਚ ਪੂਰੀ ਛੋਲੇ ਵਰਤਾਏ। ਸਾਰਿਆਂ ਵਿਚ ਵਰਤਾਕੇ ਇਕ ਪੂਰੀ ਤੇ ਕੁਝ ਛੋਲੇ ਹੱਸ ਹੱਸ ਕੇ ਆਪ ਖਾਧੇ।

ਆਖੇ: ਹਾਂ ਸੁਆਦ ਹਨ, ਕੇਡੇ ਸੁਆਦ ਹਨ!

**ਮੈਣੀ ਸੰਗਤ** ਬਾਲਾ ਪ੍ਰੀਤਮ ਜੀ ਫਤੇ ਚੰਦ ਦੇ ਘਰ ਬਹੁਤੀ ਵੇਰੀ ਆਉਂਦੇ ਜਾਂਦੇ ਸਨ। ਕਦੇ ਤਾਂ ਰੋਜ਼ ਹੀ ਫੇਰਾ ਪਾਉਂਦੇ ਸਨ। ਇਹਨਾਂ ਦੇ ਘਰ ਬਾਲਕੇ ਸਾਥੀਆਂ ਤੋਂ ਛੁਟ ਸਿਖ ਬੀ ਆਉਂਦੇ ਅਤੇ ਸੰਗਤਾਂ ਬੀ ਆ ਜੁੜਦੀਆਂ ਸਨ। ਕਈ ਵੇਰ ਏਥੇ ਸੰਝਾਂ ਵੇਲੇ ਦੀਵਾਨ ਲਗਦਾ। ਉਧਰ ਘਰ ਵੀ ਦੀਵਾਨ ਲਗਦਾ ਤੇ ਸਾਹਿਬਜ਼ਾਦੇ ਦੀ ਉਡੀਕ ਹੁੰਦੀ ਰਹਿੰਦੀ। ਜਦ ਤਕ ਆਪ ਘਰ ਨਾ ਪਹੁੰਚਦੇ ਉਥੇ ਰਹਰਾਸ ਦਾ ਦੀਵਾਨ ਤਾਂ ਲਗਦਾ ਪਰ ਪਾਠ ਨਾ ਕਰਦੇ, ਸਾਰੇ ਸਾਹਿਬਜ਼ਾਦੇ ਜੀ ਨੂੰ ਉਡੀਕਦੇ ਰਹਿੰਦੇ। ਤਦ ਤੋਂ ਹੀ ਲੋਕੀਂ ਦੱਸਦੇ ਹਨ ਕਿ ਪਟਨੇ ਸਾਹਿਬ ਦੇ ਇਸ ਗੁਰਦੁਆਰੇ ਵਿਚ, ਜਿਸ ਨੂੰ ਤਖਤ ਸਾਹਿਬ ਕਹਿੰਦੇ ਹਨ, ਰਹਰਾਸ ਦਾ ਪਾਠ ਦੋ ਚਾਰ ਘੜੀ ਸੰਧਯਾ ਗਈ ਤੇ ਹੋਣ ਦਾ ਰਿਵਾਜ ਪੈ ਗਿਆ ਹੈ।

ਜਦੋਂ ਸਾਹਿਬਜ਼ਾਦੇ ਜੀ ਮੈਣੀ ਦੇ ਘਰ ਜਾਂਦੇ ਤਾਂ ਉਸਦੀ ਵਹੁਟੀ ਤਲੇ ਹੋਏ ਛੋਲੇ ਤੇ ਪੂਰੀ ਭੇਟਾ ਕਰਦੀ ਤੇ ਦੁੱਧ ਭੀ ਅਗੇ ਰਖਦੀ। ਇਹ ਬੀਬੀ ਬਾਲਾ ਪ੍ਰੀਤਮ ਜੀ ਨੂੰ ਆਪਣੇ ਪਿਆਰ ਪੁਤ੍ਰ ਹੀ ਸਮਝਦੀ ਸੀ। ਸਾਰੇ ਬਾਲਕੇ, ਜੋ ਖੇਲਦੇ ਨਾਲ ਜਾਂਦੇ, ਸਭ ਨੂੰ ਪੂਰੀ ਛੋਲੇ ਖੁਆਲਦੀ। ਸਾਹਿਬਜ਼ਾਦੇ ਜੀ ਨੂੰ ਸੁਹਣੇ ਸੁਹਣੇ ਕਪੜੇ ਪੁਆਉਂਦੀ। ਖੇਡਣ ਦੇ ਖਡੌਣੇ, ਤੀਰਕਮਾਨ, ਗਲ ਕੀ ਜਿਸ ਜਿਸ ਗਲ, ਜਿਸ ਜਿਸ ਚੀਜ਼ ਵਿਚ ਓਹ ਵੇਖਦੀ ਕਿ ਸਾਹਿਬਜ਼ਾਦੇ ਜੀ ਦਾ ਦਿਲ ਲਗਕੇ ਖੁਸ਼ੀ ਹੁੰਦੀ ਹੈ ਉਹ ਉਹ ਸ਼ੈ ਲਾਡਾਂ ਨਾਲ ਲਿਆ ਅੱਗੇ ਧਰਦੀ। ਦੁਇ, ਵਹੁਟੀ ਗਭਰੂ ਆਪ ਜੀ ਨੂੰ ਗੁਰੂ ਜੀ ਦਾ ਸਾਹਿਬਜ਼ਾਦਾ ਸਮਝਕੇ ਪੂਜਾ ਬੀ ਕਰਦੇ ਅਤੇ ਪੁੱਤਰ ਵਾਲਾ ਪਿਆਰ ਤੇ ਲਾਡ ਬੀ ਕਰਦੇ। ਵੇਖੋ ਉਨ੍ਹਾਂ ਦੇ ਪਿਆਰ ਦਾ ਫਲ ਉਹਨਾਂ ਨੇ ਆਪਣਾ ਘਰ ਗੁਰਦਆਰਾ ਬਣਾ ਦਿੱਤਾ ਜੋ ਹੁਣ ਤੋੜੀ ਗੁਰਦੁਆਰਾ ਹੈ, ਉਹਨੂੰ ਗੁਰਦੁਆਰਾ ਮੈਣੀ ਸੰਗਤਿ ਆਖਦੇ ਹਨ, ਤੇ ਓਦੋਂ ਦੀ ਪਈ ਚਾਲ ਵਾਂਙੂ ਅਜ ਤਾਈਂ ਓਥੇ ਪੂਰੀ ਤੇ ਚਣਿਆਂ ਦਾ ਪ੍ਰਸ਼ਾਦ ਵਰਤਦਾ ਹੈ। ਚਣੇ ਉਸ ਪਾਸੇ ਛੋਲਿਆਂ ਨੂੰ ਆਖਦੇ ਹਨ। ਮੈਣੀ ਦੇ ਘਰ ਵਿਚ ਸਾਹਿਬਜ਼ਾਦੇ ਬਹੁਤ ਖੁਸ਼ ਹੋ ਕੇ ਖੇਲਦੇ ਤੇ ਕਿੰਨਾਂ ਕਿੰਨਾ ਚਿਰ ਖੇਲਦੇ। ਉਹਨਾਂ ਦੇ ਘਰ ਵਿਚ ਜੋ ਬਗੀਚੀ ਸੀ ਉਸ ਵਿਚ ਮਾਲੀਆਂ ਨਾਲ ਕੰਮ ਵਿਚ ਲਗ ਪੈਂਦੇ। ਇਕ ਦਿਨ ਇਕ ਕਲਮ ਆਪ ਨੇ ਕਰੌਂਦੇ ਦੀ ਇਸ ਬਾਗ ਵਿਚ ਗੱਡ ਦਿੱਤੀ, ਉਹ ਪੁੰਗਰ ਪਈ ਤੇ ਬੂਟਾ ਬਣ ਗਈ। ਇਹ ਬੂਟਾ ਹੁਣ ਤੱਕ ਖੜਾ ਹੈ ਤੇ ਇਸ ਨੂੰ ਬਾਰਾਂ ਮਾਸੀ ਕਰੌਂਦੇ ਲਗਦੇ ਸੁਣੀਂਦੇ ਹਨ। ਬਾਰਾਂ ਮਾਸੀ ਉਸਨੂੰ ਕਹਿੰਦੇ ਹਨ ਜੋ ਇਕ ਰੁਤੀ ਹੀ ਫਲ ਨਾ ਦੇਵੇ, ਸਗੋਂ ਜਿਸ ਨੂੰ ਹਰ ਰੁੱਤੇ ਫੁਲ ਫਲ ਪੈਂਦੇ ਹੀ ਰਹਿਣ।

# ਦਸ਼ਮੇਸ਼ ਪਿਤਾ ਦੇ ਪ੍ਰਕਾਸ਼ ਦਿਵਸ ਤੇ ਡਾ. ਨਿੱਜਰ ਦਾ ਵਿਸ਼ੇਸ਼ ਸੰਦੇਸ਼ .........





## ਦਸਮ ਪਿਤਾ ਦੇ ਦਰਸਾਏ ਮਾਰਗ ਮਾਨਵ ਭਲਾਈ ਤੇ ਚਲਕੇ ਜੀਵਨ ਸਫਲ ਕਰਨ ਦੀ ਲੋੜ

ਨਿਰਸੰਦੇਹ ਅਸੀਂ ਦੁਸ਼ਟਦਮਨ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਵਸ ਹਰ ਸਾਲ ਮਨਾਉਂਦੇ ਹਾਂ ਅਤੇ ਇਸ ਸਾਲ ਵੀ ਗੁਰੂ ਸਾਹਿਬ ਜੀ ਦਾ 356ਵਾਂ ਪ੍ਰਕਾਸ਼ ਦਿਵਸ ਵਿਸ਼ਵ ਭਰ ਵਿਚ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਚੀਫ ਖ਼ਾਲਸਾ ਦੀਵਾਨ ਦੀਆ ਸਮੂੰਹ ਪ੍ਰਬੰਧਕੀ ਤੇ ਵਿਦਿਅਕ ਅਦਾਰਿਆਂ ਨੇ ਵੀ ਸਰਬੰਸ ਦਾਨੀ ਪਿਤਾ ਗੁਰੂ ਦੀ ਯਾਦ ਵਿਚ ਵਿਸ਼ੇਸ਼ ਨਗਰ ਕੀਰਤਨ ਸਜਾਇਆ ਅਤੇ ਖ਼ੁਸ਼ੀ ਮਨਾਉਂਦਿਆਂ ਸਮੂਹ ਸੰਸਥਾਵਾਂ ਨੂੰ ਦੀਪਮਾਲਾ ਨਾਲ ਰੋਸ਼ਨਾਇਆ। ਪ੍ਰਕਾਸ਼ ਪੁਰਬ ਤੋਂ ਪਹਿਲੇ ਸ਼ਹੀਦੀ ਪੰਦਰਵਾੜਾ ਵੀ ਮਨਾਇਆ ਗਿਆ ਜਿਸ ਸੰਬੰਧੀ ਦੀਵਾਨ ਦੀ ਧਰਮ ਪ੍ਰਚਾਰ ਕਮੇਟੀ ਨੇ ਦੀਵਾਨ ਦੇ ਪ੍ਰਸਿੱਧ ਵਿਦਿਅਕ ਅਦਾਰਿਆਂ ਵਿਚ ਸੈਮੀਨਾਰ ਕਰਾਏ ਗਏ ਜਿੰਨਾਂ ਵਿਚ ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਪ੍ਰਸੰਗ, ਉਹਨਾਂ ਦਾ ਜੀਵਨ ਅਤੇ ਨਿਰਭਉ ਸਿੱਖੀ ਸਿਦਕ ਨਿਭਾਉਣ ਦੀ ਪ੍ਰਸਿੱਧ ਵਿਦਵਾਨਾਂ ਨੇ ਜਾਣਕਾਰੀ ਪ੍ਰਦਾਨ ਕੀਤੀ।

ਇਹ ਇਕ ਅਟਲ ਸਚਾਈ ਹੈ ਕਿ ਦਸਮ-ਪਿਤਾ ਜੀ ਨੇ ਆਪਣੇ ਜੀਵਨ ਕਾਲ ਦੇ ਪਹਿਲੇ 9 ਸਾਲ ਦੀ ਉਮਰ ਵਿਚ ਲੋਕ-ਧਰਮ ਦੀ ਰੱਖਿਆ ਹਿਤ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹੀਦ ਹੋਣ ਲਈ ਆਖਿਆ, ਫੇਰ ਚਾਰੇ ਪੁੱਤਰ, ਮਾਤਾ ਜੀ ਅਤੇ ਜਾਨੋ ਪਿਆਰੇ ਹਜ਼ਾਰਾਂ ਸਿੰਘ ਕੁਰਬਾਨ ਕਰਕੇ ਅਤੇ ਅਕਾਲ ਪੁਰਖ ਦਾ ਸ਼ੁਕਰ ਕੀਤਾ। ਦਰਅਸਲ ਗੁਰੂ ਸਾਹਿਬ ਦਾ ਇਹਨਾਂ ਕੁਰਬਾਨੀਆਂ ਲਈ ਮੁੱਖ ਮੰਤਵ ਵਸਦੀ ਲੋਕਾਈ ਦੀ ਖ਼ੁਸ਼ਹਾਲੀ, ਮਾਨਵ ਭਲਾਈ, ਭਾਈਚਾਰਕ ਸਾਂਝ, ਪਰਉਪਕਾਰੀ ਤੇ ਸਵੈਮਾਨ ਦੀ ਭਾਵਨਾ ਸੀ। ਉਹ ਨਿਰਭਉ ਤੇ ਨਿਰਵੈਰ ਸੋਚ ਵਾਲੇ ਮਾਨਵ-ਸਮਾਜ ਦੀ ਉਸਾਰੀ ਦੇ ਚਾਹਵਾਨ ਸਨ ਏਸੇ ਲਈ ਉਹਨਾਂ ਨੇ ਜ਼ਬਰ ਜ਼ੁਲਮ ਮਿਟਾਉਣ ਅਤੇ ਧਰਮ ਦੀ ਅਜ਼ਾਦੀ ਲਈ ਸਰਬੰਸ ਕੁਰਬਾਨ ਕਰ ਦਿੱਤਾ।

ਇਸ ਲਈ ਮੈਂ ਸਮਝਦਾ ਹਾਂ ਕਿ ਸਾਨੂੰ ਦਸਮ ਪਿਤਾ ਜੀ ਦੇ ਦਰਸਾਏ ਸੱਚ ਦੇ ਮਾਰਗ ਨੂੰ ਅਪਨਾਕੇ ਮੋਹ ਮਾਇਆ ਤੇ ਕੁਰੀਤੀਆਂ ਦੇ ਜਾਲ ਦੀਆਂ ਤੰਦਾ ਤੋੜ ਕੇ ਆਪਣਾ ਜੀਵਨ ਸਿੱਖੀ ਵਿਰਾਸਤ ਨਾਲ ਜੋੜ ਕੇ ਸੰਵਾਰਨ ਤੇ ਸ਼ਿੰਗਾਰਨ ਦੀ ਲੋੜ ਹੈ।

ਮੈਂ ਚੀਫ਼ ਖ਼ਾਲਸਾ ਦੀਵਾਨ ਦੇ ਸਮੁੱਚੇ ਪਰਿਵਾਰ ਵਲੋਂ ਦਸਮ-ਪਿਤਾ ਦੇ 356ਵੇਂ ਪ੍ਰਕਾਸ਼ ਦਿਵਸ ਦੀਆਂ ਸਮੂਹ ਸੰਗਤਾਂ ਨੂੰ ਵਧਾਈ ਪੇਸ਼ ਕਰਦਿਆਂ ਅਰਦਾਸ ਕਰਦਾ ਹਾਂ ਕਿ ਗੁਰੂ ਸਾਹਿਬ ਸਾਨੂੰ ਆਪਸੀ ਪ੍ਰੇਮ-ਪਿਆਰ ਕਰਨ ਦੀ ਸਮਰਥਾ ਬਖ਼ਸ਼ਣ।

**ਡਾ. ਇੰਦਰਬੀਰ ਸਿੰਘ ਨਿੱਜਰ**
ਪ੍ਰਧਾਨ ਚੀਫ਼ ਖ਼ਾਲਸਾ ਦੀਵਾਨ,
ਅੰਮ੍ਰਿਤਸਰ



# ਸ਼ਹਿਰ ਪਟਨਾ ਸਾਹਿਬ ਦੇ ਇਤਿਹਾਸਕ ਗੁਰਦੁਆਰੇ

**ਡਾ. ਜਸਬੀਰ ਸਿੰਘ ਸਾਬਰ**



ਸਭ ਤੋਂ ਪਹਿਲਾਂ ਸਿੱਖ ਧਰਮ ਦੇ ਦਸਵੇਂ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੁਹ ਪ੍ਰਾਪਤ ਕਰਨ ਦਾ ਬਿਹਾਰ ਰਾਜ ਦੇ ਸ਼ਹਿਰ ਪਟਨਾ ਸਾਹਿਬ ਨੂੰ ਮਾਣ ਹਾਸਲ ਹੈ ਜਿਥੇ ਉਨ੍ਹਾਂ ਦਾ 22 ਦਸੰਬਰ 1666 ਈ. ਨੂੰ ਪ੍ਰਕਾਸ਼ ਹੋਇਆ। ਇਸ ਪ੍ਰਕਾਸ਼ ਅਸਥਾਨ ਨੂੰ ਅੱਜ ਸਿੱਖ ਧਰਮ ਦੇ ਪੰਜ ਤੱਖਤਾਂ ਵਿਚੋਂ ਇਕ ਤੱਖਤ ਹੋਣ ਦਾ ਮਾਣ ਵੀ ਪ੍ਰਾਪਤ ਹੈ। ਸਿੱਖ ਧਰਮ ਨਾਲ ਬਿਹਾਰ ਰਾਜ ਦੀ ਸਾਂਝ ਗੁਰੂ ਨਾਨਕ ਦੇਵ ਜੀ ਦੇ ਉਸ ਸਮੇਂ ਤੋਂ ਹੀ ਬਣ ਗਈ ਸੀ। ਜਦੋਂ ਉਹ ਪੂਰਬ ਦੀ ਉਦਾਸੀ ਸਮੇਂ ਬਿਹਾਰ ਵਿਚ ਸਾਸਾਰਾਮ, ਬੋਧਗਯਾ, ਰਾਜਗੀਰ ਅਤੇ ਰਸੌਲੀ ਗਏ ਸਨ ਅਤੇ ਏਸੇ ਤਰ੍ਹਾਂ ਆਪਣੇ ਪ੍ਰਚਾਰ ਦੌਰਿਆਂ ਸਮੇਂ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਵੀ ਸਾਸਾਰਾਮ, ਪਾਗਲਪੁਰ, ਲਕਸ਼ਮੀਪੁਰ, ਕਟਿਹਾਰ ਆਦਿ ਸਥਾਨਾਂ ਤੇ ਗਏ ਸਨ ਜਿਥੇ ਉਨ੍ਹਾਂ ਦੀ ਯਾਦ ਵਿਚ ਅੱਜ ਸ਼ਾਨਦਾਰ ਇਤਿਹਾਸਕ ਗੁਰਦੁਆਰੇ ਬਣੇ ਹੋਏ ਹਨ। ਵੈਸੇ ਤਾਂ ਪਟਨਾ ਸ਼ਹਿਰ ਸਦੀਆਂ ਤੋਂ ਦਰਿਆ ਗੰਗਾ ਦੇ ਦਖਣੀ ਪਾਸੇ ਸਥਿਤ ਹੈ ਅਤੇ ਇਸ ਦੇ ਪੂਰਬ ਵਿਚ ਇਸ ਦੀਆਂ ਉਪ-ਨਦੀਆ ਸੋਨ, ਗੰਡਕ ਤੇ ਪੁੰਨ ਪੁੰਨ ਦਾ ਸੰਗਮ ਹੈ। ਇਸ ਇਲਾਕੇ ਨੂੰ ਸਿੱਖ ਧਰਮ ਤੋਂ ਪੂਰਬ ਜੈਨ ਧਰਮ ਤੇ ਬੁੱਧ ਧਰਮ ਨੂੰ ਪ੍ਰਫੁਲਤ ਕਰਨ ਦਾ ਮਾਣ ਵੀ ਹਾਸਲ ਹੈ। ਇਨ੍ਹਾਂ ਸਾਰੇ ਸਥਾਨਾਂ ਬਾਰੇ ਵਿਸਤ੍ਰਿਤ ਜਾਣਕਾਰੀ ਦੇਣੀ ਤਾਂ ਇਸ ਲਘੂ ਲੇਖ ਵਿਚ ਸੰਭਵ ਨਹੀਂ ਇਸ ਲਈ ਏਥੇ ਅਸੀਂ ਕੇਵਲ ਤੱਖਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਅਤੇ ਦਸਮ ਗੁਰੂ ਜੀ ਨਾਲ ਸੰਬੰਧਤ 5 ਹੋਰ ਇਤਿਹਾਸਿਕ ਗੁਰਦੁਆਰਿਆਂ ਬਾਰੇ ਸੰਖੇਪ ਜਾਣਕਾਰੀ ਪਾਠਕਾਂ ਦੇ ਗਿਆਤ ਹਿੱਤ ਦੇ ਰਹੇ ਹਾਂ।

**1) ਤੱਖਤ ਸ੍ਰੀ ਹਰਿਮੰਦਰ ਪਟਨਾ ਸਾਹਿਬ :** ਇਹ ਉਹ ਪਾਵਨ ਇਤਿਹਾਸਕ ਸਥਾਨ ਹੈ ਜਿਥੇ ਦਸਮ ਗੁਰੂ ਜੀ ਦਾ ਪ੍ਰਕਾਸ਼ ਹੋਇਆ। ਨੌਵੇਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਆਪਣੇ ਪੂਰਬ ਦੌਰੇ ਸਮੇਂ ਜਦ ਪਟਨਾ ਸਾਹਿਬ ਰੁਕੇ ਤਾਂ ਉਸ ਸਮੇਂ ਸਾਲਿਸ ਰਾਏ ਦੀ ਸੰਗਤ ਨੇ ਇਸ ਹਵੇਲੀ ਵਿਚ ਠਹਿਰਾ ਕੇ ਉਨ੍ਹਾਂ ਨੂੰ ਆਪਣੇ ਪਰਿਵਾਰ ਲੂੰ ਅਸੀਸ ਦੇਣ ਦੀ ਬੇਨਤੀ ਕੀਤੀ। ਇਹ ਇਕ ਪੁਰਾਣੀ ਹਵੇਲੀ ਸੀ ਜਿਸ ਨੂੰ ਸਥਾਨਕ ਜਗੀਰਦਾਰ ਰਾਜਾ ਫਤਹਚੰਦ ਮੈਣੀ ਅਤੇ ਉਸ ਦੀ ਪਤਨੀ ਵਿਸ਼ੰਭਰਾ ਦੇਵੀ ਜੋ ਗੁਰੂ ਸਾਹਿਬ ਦੇ ਅਨਿਨ ਸੇਵਕ ਸਨ ਨੇ ਇਸ ਹਵੇਲੀ ਨੂੰ ਸੁੰਦਰ ਬਣਾ ਕੇ ਗੁਰੂ ਸਾਹਿਬ ਨੂੰ ਪਰਿਵਾਰ ਸਮੇਤ ਠਹਿਰਨ ਲਈ ਭੇਟ ਕਰ ਦਿੱਤੀ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਆਪ ਤਾਂ ਸਿੱਖ ਧਰਮ ਦੇ ਪ੍ਰਚਾਰ ਦੌਰੇ ਤੇ ਚਲੇ ਗਏ ਅਤੇ ਪਿਛੋਂ ਮਾਤਾ ਗੁਜਰੀ ਜੀ ਦੇ ਕੁਖੋਂ ਏਸੇ ਹਵੇਲੀ ਵਿਚ ਬਾਲ ਗੋਬਿੰਦ ਰਾਏ ਦਾ ਪ੍ਰਕਾਸ਼ ਹੋਇਆ। ਜਿਸ ਕਮਰੇ ਵਿਚ ਬਾਲ ਗੋਬਿੰਦ ਰਾਏ ਦਾ ਪ੍ਰਕਾਸ਼ ਹੋਇਆ ਉਹ ਅਜੋਕੇ ਸਮੇਂ ਵਿਸ਼ਾਲ ਰੂਪ ਵਿਚ ਤੱਖਤ ਸ੍ਰੀ ਹਰਿਮੰਦਰ ਸਾਹਿਬ ਪਟਨਾ ਵਜੋਂ ਪ੍ਰਸਿੱਧ ਹੈ। ਤੱਖਤ ਸਾਹਿਬ ਜੀ ਦੇ ਚਾਰੇ ਪਾਸੇ ਖੁਲੀਆਂ ਪਰਿਕਰਮਾ ਹਨ, ਅੰਦਰੂਨੀ ਪਰਵੇਸ਼ ਦਰਵਾਜ਼ੇ ਦੀ ਮਹਿਰਾਬ ਸੋਨੇ ਦੇ ਪਾਣੀ ਚੜੇ ਤਾਂਬੇ ਦੇ ਪਤਰਿਆਂ ਨਾਲ, ਫੁਲਾਂ ਦੇ ਡਿਜ਼ਾਈਨਾਂ ਨਾਲ ਸਜੀ ਹੋਈ ਹੈ। ਅੰਦਰਲੇ ਹਿਸੇ ਤੇ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ, ਸ਼ਸਤਰ ਤੇ ਹੁਕਮਨਾਮੇ ਵਾਲੇ ਤਿੰਨ ਕਮਰੇ ਇਕ ਦੂਜੇ ਦੇ ਨੇੜੇ ਸਥਾਪਤ ਹਨ ਜਿਸ ਉਪਰ ਸਾਂਝਾ ਚੰਦੋਆ ਸਜਿਆ ਹੋਇਆ ਹੈ। ਏਸੇ ਹਿੱਸੇ ਵਿਚ ਲੰਗਰ ਹਾਲ, ਸੰਗਤਾਂ ਤੇ ਸਟਾਫ਼ ਦੇ ਰਿਹਾਇਸ਼ੀ ਕਮਰੇ ਅਤੇ ਪ੍ਰਬੰਧਕੀ ਦਫ਼ਤਰ ਬਣਿਆ ਹੋਇਆ ਹੈ।

**2)ਗੁਰਦੁਆਰਾ ਗਊ ਘਾਟ:** ਇਹ ਇਤਿਹਾਸਕ ਸਥਾਨ ਤਖਤ ਸਾਹਿਬ ਤੋਂ ਲਗਭਗ 4 ਕਿਲੋਮੀਟਰ ਦੀ ਦੂਰੀ ਤੇ ਹੈ ਜਿਸ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਦੀ ਚਰਨ ਛੂਹ ਪ੍ਰਾਪਤ ਹੈ। ਅਸਲ ਵਿਚ ਏਥੇ ਬਹੁਤ ਹੀ ਤਪਸਵੀ ਮਹਾਪੁਰਸ਼ ਭਗਤ ਜੈਤਮਲ ਜੀ ਰਹਿੰਦੇ ਸਨ ਜਿਨ੍ਹਾਂ ਦੀ ਆਯੂ 350 ਸਾਲ ਦੀ ਦਸੀ ਜਾਂਦੀ ਹੈ। ਉਸਨੇ ਆਪਣੇ ਜੀਵਨ ਤੋਂ ਮੁਕਤ ਹੋਣ ਲਈ ਗੁਰੂ ਨਾਨਕ ਪਾਤਸ਼ਾਹ ਨੂੰ ਬੇਨਤੀ ਕੀਤੀ ਸੀ ਜਿਨ੍ਹਾਂ ਨੇ ਉਸ ਦਾ ਉਧਾਰ ਨੌਵੇਂ ਜਾਮੇ ਵਿਚ ਕਰਨ ਲਈ ਕਿਹਾ ਅਤੇ ਵਰਦਾਨ ਦਿਤਾ ਕਿ ਉਹ ਪੁਟੇ ਜਾਣ ਵਾਲੇ ਖੂਹ ਰਾਹੀਂ ਗਊ ਦੇ ਰੂਪ ਵਿਚ ਗੰਗਾ ਆ ਕੇ ਉਸ ਨੂੰ ਇਸ਼ਨਾਨ ਕਰਾਇਆ ਕਰੇਗੀ। ਇਸ ਅਸਥਾਨ ਤੇ ਸੰਬੰਧਤ ਖੂਹ, ਨੌਵੇਂ ਪਾਤਸ਼ਾਹ ਵਲੋਂ ਬੰਨੇ ਘੋੜੇ ਵਾਲਾ ਹਰਿਆ ਭਰਿਆ ਦਰਖਤ, ਥੰਮ ਸਾਹਿਬ, ਖਿੜਕੀ ਅਤੇ ਮਾਤਾ ਗੁਜਰੀ ਜੀ ਵਲੋਂ ਵਰਤਿਆ ਸਾਣ, ਇਤਿਹਾਸਕ ਯਾਦਗਾਰ ਵਜੋਂ ਸੰਗਤਾਂ ਲਈ ਖਿਚ ਦਾ ਕੇਂਦਰ ਹਨ।

**3)ਗੁਰਦੁਆਰਾ ਗੁਰੂ ਕਾ ਬਾਗ:** ਇਹ ਬਾਗ ਦੋ ਰਈਸ ਭਰਾਵਾਂ ਰਹੀਮ ਬਖ਼ਸ਼ ਤੇ ਕਰੀਮ ਬਖ਼ਸ਼ ਦਾ ਸੀ ਅਤੇ ਇਹ ਹਮੇਸ਼ਾ ਸੁਕਾ ਰਹਿੰਦਾ ਸੀ ਪਰ ਨੌਵੇਂ ਗੁਰੂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ, ਮਾਤਾ ਨਾਨਕੀ, ਮਾਤਾ ਗੁਜਰੀ, ਮਾਮਾ ਕਿਰਪਾਲ ਚੰਦ ਅਤੇ ਬਾਲ ਗੋਬਿੰਦ ਰਾਏ ਦੀ ਚਰਨ ਛੋਹ ਪ੍ਰਾਪਤ ਕਰਦਿਆਂ ਹੀ ਇਹ ਹਰਿਆ ਭਰਿਆ ਤੇ ਫਲਦਾਰ ਹੋ ਗਿਆ। ਇਹ ਵੇਖ ਦੋਵਾਂ ਭਰਾਵਾਂ ਨੇ ਇਹ ਬਾਗ ਗੁਰੂ ਪਰਿਵਾਰ ਨੂੰ ਭੇਟ ਕਰ ਦਿੱਤਾ। ਨੌਵੇਂ ਗੁਰੂ ਸਾਹਿਬ ਆਪਣੇ ਪੂਰਬ ਦੌਰੇ ਤੋਂ ਵਾਪਸੀ ਸਮੇਂ 5 ਸਾਲ ਦੇ ਅਰਸੇ ਉਪਰੰਤ ਬਾਲ ਗੋਬਿੰਦ ਰਾਏ ਨੂੰ ਪਹਿਲੀ ਵਾਰ ਇਸ ਬਾਗ ਵਿਚ ਹੀ ਮਿਲੇ ਸਨ। ਅਜ ਏਥੇ ਥੜਾ ਸਾਹਿਬ, ਇਮਲੀ ਦਾ ਦਰਖਤ, ਪੁਰਾਣਾ ਖੂਹ ਅਤੇ ਸਰੋਵਰ ਸ਼ਰਧਾਲੂਆਂ ਲਈ ਖਿਚ ਦਾ ਕੇਂਦਰ ਹਨ।

**4)ਗੁਰਦੁਆਰਾ ਗੋਬਿੰਦ/ਕੰਗਣਾ ਘਾਟ:** ਤੱਖਤ ਸਾਹਿਬ ਤੋਂ ਲਗਭਗ ਅਧੀ ਫਰਲਾਂਗ ਤੇ ਸਥਿਤ ਇਹ ਉਹ ਸਥਾਨ ਹੈ ਜਿਥੇ ਬਾਲ ਗੋਬਿੰਦ ਰਾਏ ਨੇ ਬਾਲਪਨ ਵਿਚ ਪਹਿਨਿਆ ਸੋਨੇ ਦਾ ਪਹਿਲਾਂ ਇਕ ਤੇ ਫੇਰ ਦੂਜਾ ਕੰਗਣ ਵੀ ਗੰਗਾ ਨਦੀ ਵਿਚ ਸੁਟ ਕੇ, ਮੋਹ ਮਾਇਆ ਤੋਂ ਨਿਰਲੇਪ ਹੋਣ ਦਾ ਸਬੂਤ ਦਿੱਤਾ। ਅਜੋਕੇ ਸਮੇਂ ਗੰਗਾ ਨਦੀ ਇਸ ਗੁਰਦੁਆਰੇ ਤੋਂ ਹਟ ਕੇ ਪਰੇ ਚਲੀ ਗਈ ਹੈ ਪਰੰਤੂ ਯਾਤਰੂ ਦਰਸ਼ਨਾਂ ਲਈ ਨਿਰੰਤਰ ਆਉਂਦੇ ਹਨ।

**5)ਗੁਰਦੁਆਰਾ ਹਾਂਡੀ ਸਾਹਿਬ:** ਇਹ ਉਹ ਇਤਿਹਾਸਕ ਸਥਾਨ ਹੈ ਜਿਥੇ ਬਾਲ ਗੋਬਿੰਦ ਰਾਏ, ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਮਾਮਾ ਕਿਰਪਾਲ ਚੰਦ ਜੀ ਆਦਿ ਪਟਨਾ ਸਾਹਿਬ ਤੋਂ ਸ੍ਰੀ ਅਨੰਦਪੁਰ ਸਾਹਿਬ ਨੂੰ ਜਾਂਦਿਆਂ ਰਾਹ ਵਿਚ ਮਾਈ ਪਰਧਾਨੀ ਪਾਸੋਂ ਖਿਚੜੀ ਛਕਣ ਲਈ ਰੁਕੇ ਸਨ। ਬਜ਼ੁਰਗ ਮਾਈ ਪਰਧਾਨੀ ਨੇ ਸ਼ਰਧਾ ਵਸ ਇਕ ਹਾਂਡੀ ਵਿਚ ਥੋਹੜੀ ਜਿਹੀ ਖਿਚੜੀ ਬਣਾ ਕੇ ਗੁਰੂ ਸਾਹਿਬ ਨੂੰ ਛਕਾਉਣ ਲਈ ਲਿਆਂਦੀ ਸੀ। ਪਰ ਗੁਰੂ ਸਾਹਿਬ ਨੇ ਮਾਈ ਪਰਧਾਨੀ ਲੂੰ ਸਾਰੀ ਸੰਗਤ ਨੂੰ ਖਿਚੜੀ ਛਕਾਉਣ ਲਈ ਆਖਿਆ ਜਿਸ ਤੇ ਮਾਈ ਘਬਰਾ ਗਈ। ਪਰ ਗੁਰੂ ਕਿਰਪਾ ਨਾਲ ਉਸੇ ਹਾਂਡੀ ਵਿਚੋਂ ਸਾਰੀ ਸੰਗਤ ਨੇ ਖਿਚੜੀ ਛਕੀ। ਗੁਰੂ ਸਾਹਿਬ ਨੇ ਵਰ ਦਿੱਤਾ ਕਿ ਸੰਗਤ ਨੂੰ ਛਕਾਉਣ ਸਮੇਂ ਇਹ ਹਾਂਡੀ ਕਦੇ ਵੀ ਖਾਲੀ ਨਹੀਂ ਹੋਵੇਗੀ। ਇਹ ਵਰਤਾਰਾ ਨਿਰੰਤਰ ਅਜ ਵੀ ਜਾਰੀ ਹੈ।

**6)ਗੁਰਦੁਆਰਾ ਬਾਲ ਲੀਲਾ ਮੈਣੀ ਸੰਗਤ:** ਤਖਤ ਸਾਹਿਬ ਦੇ ਨੇੜੇ ਹੀ ਇਹ ਉਹ ਅਸਥਾਨ ਹੈ ਜਿਥੇ ਰਾਜਾ ਫਤਹ ਚੰਦ ਮੈਣੀ ਤੇ ਰਾਣੀ ਵਿਸ਼ੰਭਰਾ ਦੇਵੀ ਰਹਿੰਦੇ ਸਨ। ਬਾਲ ਗੋਬਿੰਦ ਰਾਏ ਆਪਣੇ ਦੋਸਤਾਂ ਨਾਲ ਏਥੇ ਹੀ ਖੁਲੇ ਮੈਦਾਨ ਵਿਚ ਖੇਡਦੇ ਰਹਿੰਦੇ ਸਨ ਅਤੇ ਸੂਰਜ ਛਿਪਣ ਤੇ ਘਰ ਵਾਪਸ ਜਾਂਦੇ ਸਨ। ਬੇਔਲਾਦ ਰਾਣੀ ਇਕ ਦਿਨ ਪੁਤਰ ਦੀ ਆਸ ਵਿਚ ਮਗਨ ਅਰਦਾਸ ਕਰ ਰਹੀ ਸੀ ਕਿ ਬਾਲ ਗੋਬਿੰਦ ਰਾਏ ਨੇ ਗੋਦ ਵਿਚ ਬੈਠ ਕੇ ਮਿਠੇ ਬੋਲ ਬੋਲੇ ਕਿ ਮਾਂ, ਬਹੁਤ ਭੁਖ ਲਗੀ ਹੈ ਕੁੱਝ ਖਾਣ ਨੂੰ ਦਿਓ''। ਕੰਨਾਂ ਵਿਚ ਮਾਂ, ਸ਼ਬਦ ਦੇ ਪਏ ਅਮਿਓ ਰਸ ਨਾਲ ਖੁਸ਼ੀ ਚ ਖੀਵੀ ਹੋਈ ਰਾਣੀ ਨੇ ਬਾਲ ਗੋਬਿੰਦ ਰਾਏ ਤੇ ਉਸਦੇ ਦੋਸਤਾਂ ਨੂੰ ਪੇਟ ਭਰ ਪੂਰੀਆਂ ਛੋਲੇ ਖਵਾਏ। ਰਾਜੇ ਤੇ ਰਾਣੀ ਨੇ 1668 ਵਿਚ ਏਥੇ ਗੁਰਦੁਆਰਾ ਬਣਾ ਦਿੱਤਾ। ਸੰਤ ਭੂਰੀ ਵਾਲਿਆਂ ਦੀ ਦੇਖ ਰੇਖ ਹੇਠ ਅੱਜ ਇਹ ਇਤਿਹਾਸਕ ਸਥਾਨ ਅਨੋਖੀ ਦਿਖ ਵਾਲਾ ਹੈ ਅਤੇ ਬਣੀ ਸਰਾਂ ਦੇ ਅਜੋਕੀਆਂ ਸਹੂਲਤਾਂ ਵਾਲੇ ਕਮਰੇ ਸੰਗਤਾਂ ਲਈ ਖਾਸ ਖਿਚ ਦਾ ਕਾਰਨ ਹਨ। ਪੂਰੀਆਂ ਛੋਲੇ ਦੇ ਲੰਗਰ ਪ੍ਰਸ਼ਾਦ ਦੀ ਰਵਾਇਤੀ ਪਰੰਪਰਾ ਅੱਜ ਤਕ ਨਿਰੰਤਰ ਜਾਰੀ ਹੈ।

ਉਪਰੋਕਤ ਤੋਂ ਇਲਾਵਾ ਬਿਹਾਰ ਰਾਜ ਵਿਚ ਗੁਰਦੁਆਰਾ ਬੜੀ ਸੰਗਤ ਗੁਰੂ ਤੇਗ ਬਹਾਦਰ ਜੀ ਚੌਂਕੀ, ਗੁਰਦੁਆਰਾ ਚਾਚਾ ਫੱਗੂਮਲ-ਸਾਸਾਰਾਮ, ਗੁਰਦੁਆਰਾ ਪੱਕੀ ਸੰਗਤ-ਮੁੰਘੇਰ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਜੀ-ਗਯਾ ਅਤੇ ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ-ਕਟਿਹਾਰ ਆਦਿ ਵੀ ਸਿੱਖ ਧਰਮ ਨਾਲ ਸਬੰਧਤ ਹਨ ਜਿਥੇ ਸੰਗਤਾਂ ਦਰਸ਼ਨਾਂ ਲਈ ਵੱਡੀ ਗਿਣਤੀ ਵਿਚ ਨਿਰੰਤਰ ਆਉਂਦਿਆਂ ਰਹਿੰਦੀਆਂ ਹਨ।

# ਸ਼ਹੀਦੀ ਪੰਦਰਵਾੜੇ ਦੇ ਸੰਦਰਭ ਵਿਚ ਵਿਸ਼ੇਸ਼ ਲੇਖ

# ਵਿਸ਼ਵ ਇਤਿਹਾਸ ਵਿਚ ਲਾਸਾਨੀ ਸ਼ਹਾਦਤ ਸਾਹਿਬਜ਼ਾਦਿਆਂ ਦੀ

ਡਾ. ਜਸਪਾਲ ਸਿੰਘ



ਦੁਨੀਆ ਦੇ ਇਤਿਹਾਸ ਵਿਚ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ ਦੀਆਂ ਸ਼ਹਾਦਤਾਂ ਦਾ ਆਪਣਾ ਅਦੁੱਤੀ ਮੁਕਾਮ ਹੈ। ਇਤਿਹਾਸ ਦੇ ਪੰਨਿਆਂ 'ਤੇ ਸੁਨਹਿਰੇ ਅੱਖਰਾਂ ਵਿਚ ਲਿਖਿਆ, ਇਹਨਾਂ ਲਾਸਾਨੀ ਸ਼ਹਾਦਤਾਂ ਦੇ ਬਿਰਤਾਂਤ ਨੂੰ ਕਦੇ ਨਹੀਂ ਭੁਲਾਇਆ ਜਾ ਸਕਦਾ।

**ਛੋਟੇ ਸਾਹਿਬਜ਼ਾਦੇ–** ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਦੀ ਸ਼ਹਾਦਤ ਦਾ ਜ਼ਿਕਰ ਕਰਦਿਆਂ ਸੱਯਦ ਮੁਹੰਮਦ ਲਤੀਫ਼ ਨੇ ਆਪਣੀ ਲਿਖਤ ਹਿਸਟਰੀ ਆਫ਼ ਪੰਜਾਬ' ਵਿਚ, ਸਰਹਿੰਦ ਦੇ ਨਵਾਬ ਵਜ਼ੀਰ ਖ਼ਾਨ ਅਤੇ ਛੋਟੇ ਸਾਹਿਬਜ਼ਾਦਿਆਂ ਵਿਚਕਾਰ ਹੋਏ ਸੁਆਲ-ਜੁਆਬ ਨੂੰ ਆਪਣੇ ਢੰਗ ਨਾਲ ਕਮਲਬੰਦ ਕੀਤਾ ਹੈ। ਨਵਾਬ ਦਾ ਸੁਆਲ ਸੀ-ਅਗਰ ਤੁਹਾਨੂੰ ਆਜ਼ਾਦ ਕਰ ਦਿੱਤਾ ਜਾਵੇ ਤਾਂ ਤੁਸੀਂ ਕੀ ਕਰੋਗੇ? ਸਾਹਿਬਜ਼ਾਦਿਆਂ ਦਾ ਜੁਆਬ ਸੀ- ਅਸੀਂ ਸਿੱਖਾਂ ਨੂੰ ਜਥੇਬੰਦ ਕਰਾਂਗੇ, ਨਵਾਬ ਨੇ ਫਿਰ ਸੁਆਲ ਕੀਤਾ- ਜੇ ਜੰਗ ਵਿਚ ਤੁਹਾਡੀ ਹਾਰ ਹੋ ਗਈ ਤਾਂ ਫਿਰ ਤੁਸੀਂ ਕੀ ਕਰੋਗੇ? ਸਾਹਿਬਜ਼ਾਦਿਆਂ ਨੇ ਜਵਾਬ ਦਿੱਤਾ-ਅਸੀਂ ਫਿਰ ਫ਼ੌਜਾਂ ਇਕੱਠੀਆਂ ਕਰਾਂਗੇ ਅਤੇ ਜਾਂ ਤਾਂ ਤੁਹਾਨੂੰ ਮੁਕਾਅ ਦਿਆਂਗੇ ਜਾਂ ਫੇਰ ਸ਼ਹੀਦ ਹੋ ਜਾਵਾਂਗੇ। ਨਵਾਬ ਵਜ਼ੀਰ ਖਾਨ ਨੂੰ ਸਾਹਿਬਜ਼ਾਦਿਆਂ ਦੇ ਇਹਨਾਂ ਜੁਆਬਾਂ ਵਿਚ ਸਾਫ਼ ਬਗ਼ਾਵਤ ਨਜ਼ਰ ਆ ਰਹੀ ਸੀ। ਉਸਨੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਅਤੇ ਫਿਰ ਉਹਨਾਂ ਨੂੰ ਸਰਹਿੰਦ ਵਿਖੇ ਜੀਉਂਦਿਆਂ ਦੀਵਾਰ ਅੰਦਰ ਚਿਣ ਕੇ ਸ਼ਹੀਦ ਕਰ ਦਿੱਤਾ ਗਿਆ।

ਸੱਚਮੁੱਚ ਵੱਡੀ ਜੁਰੱਅਤ ਵਾਲੇ ਜੁਆਬ ਸਨ-ਸਾਹਿਬਜ਼ਾਦਿਆਂ ਦੇ। ਲਾਮਿਸਾਲ ਦਲੇਰੀ ਸੀ-ਉਹਨਾਂ ਦੇ ਬੋਲਾਂ ਵਿਚ। ਪਰ ਇਹ ਵੀ ਹਕੀਕਤ ਹੈ ਕਿ ਇਹ ਜੁਆਬ ਸਿਲਸਿਲੇਵਾਰ ਵਾਪਰ ਰਹੇ ਇਕ ਵੱਡੇ ਇਨਕਲਾਬ ਦਾ ਹਿੱਸਾ ਸਨ। ਇਹਨਾਂ ਬੋਲਾਂ ਦੇ ਪਿਛੋਕੜ ਵਿਚ ਹਿਕ ਪੂਰਾ ਇਤਿਹਾਸਕ ਪ੍ਰਵਾਹ ਸੀ। ਅਸਲ ਵਿਚ, ਗੱਲ ਉਦੋਂ ਸ਼ੁਰੂ ਹੋਈ ਜਦੋਂ ਸਿੱਖਾਂ ਨੇ ਗੁਰੂ ਦਾ ਹੁਕਮ ਮੰਨ ਕੇ ਸੀਸ ਅਰਪਣ ਕਰ ਦਿੱਤਾ ਸੀ ਅਤੇ ਇਸ ਤਰ੍ਹਾਂ ਖਾਲਸੇ ਦੀ ਸਿਰਜਨਾ ਹੋ ਗਈ ਸੀ। ਇਤਿਹਾਸ ਦੱਸਦਾ ਹੈ ਕਿ ਗੁਰੂ ਸਾਹਿਬਾਨ ਦੁਆਰਾ ਦਿੱਤੀ ਲੰਮੀ ਤਰਬੀਅਤ ਦਾ ਹੀ ਨਤੀਜਾ ਸੀ ਕਿ ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ ਸਿਰਾਂ ਦੀ ਮੰਗ ਕੀਤੀ ਤਾਂ ਇਕ ਤੋਂ ਬਾਅਦ ਇਕ ਸਿੱਖ, ਸਿਰ ਤਲੀ ਤੇ ਰੱਖ ਕੇ ਨਿੱਤਰ ਕੇ ਸਾਹਮਣੇ ਆ ਗਿਆ ਸੀ।

ਇਹ ਇਕ ਐਸਾ ਮਹਾਨ ਕਾਰਨਾਮਾ ਸੀ ਜਿਸ ਨੇ ਲੋਕਾਂ ਦੇ ਮਨਾਂ ਅੰਦਰ ਕ੍ਰਾਂਤੀ ਦੀ ਜਵਾਲਾ ਜਗਾ ਦਿੱਤੀ ਸੀ। ਉਹ ਸਮਾਜ ਜਿਹੜਾ ਗੁਲਾਮੀ ਨੂੰ ਆਪਣੀ ਤਕਦੀਰ ਸਮਝੀ ਬੈਠਾ ਸੀ, ਵਿਸ਼ਵਾਸ ਦੇ ਪੈਰਾਂ ਉਪਰ ਖੜੋਣਾ ਸ਼ੁਰੂ ਹੋ ਗਿਆ। ਉਸ ਦੀ ਚੇਤਨਾ ਜਾਗ ਉੱਠੀ, ਆਤਮ ਵਿਸ਼ਵਾਸ ਬੁਲੰਦ ਹੋ ਗਿਆ ਪਰ ਮੁਗਲ ਸਾਮਰਾਜ ਨੂੰ ਇਹ ਕਤਈ ਬਰਦਾਸ਼ਤ ਨਹੀਂ ਸੀ। ਖ਼ਾਲਸੇ ਦੀਆਂ ਸਰਗਰਮੀਆਂ ਕਾਰਣ ਉਸ ਦੀ ਰਾਜਸੀ ਬਣਤਰ ਦਾ ਪੂਰਾ ਤਾਣਾ-ਬਾਣਾ ਹਿੱਲ ਗਿਆ ਸੀ।

ਇਤਿਹਾਸ ਗਵਾਹ ਹੈ ਕਿ ਜਲਦੀ ਹੀ ਸ੍ਰੀ ਅਨੰਦਪੁਰ ਸਾਹਿਬ ਉਪਰ ਹਮਲਿਆਂ ਦਾ ਦੌਰ ਸ਼ੁਰੂ ਹੋ ਗਿਆ। ਇਕ ਤੋਂ ਬਾਅਦ ਇਕ ਫ਼ੌਜੀ ਮੁਹਿੰਮ ਚਲਾਈ ਗਈ। ਪਹਾੜੀ ਰਾਜਿਆਂ ਦੀ ਮਦਦ ਨਾਲ ਖ਼ਾਲਸਾ ਫ਼ੌਜਾਂ ਨੂੰ ਘੇਰ ਲਿਆ ਗਿਆ। ਕਾਫ਼ੀ ਸਮਾਂ ਘਿਰੇ ਰਹਿਣ ਤੋਂ ਬਾਅਦ ਆਖਿਰ ਕਿਲ੍ਹਾ ਛੱਡ ਦੇਣ ਦਾ ਫੈਸਲਾ ਕੀਤਾ ਗਿਆ। ਪਰ ਜਦੋਂ ਗੁਰੂ ਸਾਹਿਬ ਆਪਣੇ ਸਿੱਖਾਂ ਸਮੇਤ ਬਾਹਰ ਆ ਗਏ ਤਾਂ ਸਰਸਾ ਨਦੀ ਦੇ ਕੰਢੇ ਦੁਸ਼ਮਣ ਦੀ ਫੌਜ਼ ਨਾਲ ਫਿਰ ਟਾਕਰਾ ਹੋ ਗਿਆ। ਇਕ ਵਾਰ ਫਿਰ ਬੜੀ ਭਿਆਨਕ ਜੰਗ ਹੋਈ। ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ। ਪਰਿਵਾਰ ਵਿੱਛੜ ਗਿਆ। ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਗੰਗੂ ਰਸੋਈਏ ਨਾਲ ਉਸ ਦੇ ਪਿੰਡ ਖੇੜੀ ਚਲੇ ਗਏ। ਮਾਤਾ ਸੁੰਦਰੀ ਜੀ ਅਤੇ ਮਾਤਾ ਸਾਹਿਬ ਕੌਰ ਜੀ-ਭਾਈ ਮਨੀ ਸਿੰਘ ਜੀ ਨਾਲ ਦਿੱਲੀ ਪਹੁੰਚ ਗਏ। ਗੁਰੂ ਸਾਹਿਬ ਆਪਣੇ ਵੱਡੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਅਤੇ ਕੁੱਝ ਸਿੰਘਾਂ ਨਾਲ ਚਮਕੌਰ ਸਾਹਿਬ ਪਹੁੰਚ ਗਏ। ਪਰ ਇੱਥੇ ਵੀ ਦੁਸ਼ਮਣ ਨੇ ਉਹਨਾਂ ਦਾ ਪਿੱਛਾ ਨਹੀਂ ਛੱਡਿਆ। ਇਕ ਅਨੋਖੀ ਜੰਗ ਸ਼ੁਰੂ ਹੋ ਗਈ। ਇਕ ਪਾਸੇ ਲੱਖਾਂ ਲਸ਼ਕਰੀ ਫ਼ੌਜਾਂ ਸਨ ਅਤੇ ਦੂਜੇ ਪਾਸੇ ਮੁੱਠੀ ਭਰ ਸਿੰਘ।

ਆਖਿਰ ਜੰਗ ਦਾ ਦਬਾਅ ਵੱਧ ਗਿਆ। ਨਾਜ਼ੁਕ ਹਾਲਾਤਾਂ ਵਿਚ ਗੁਰੂ ਸਾਹਿਬ ਨੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਪੰਜਾਂ ਸਿੰਘਾਂ ਨਾਲ ਮੈਦਾਨੇ-ਜੰਗ ਵਿਚ ਉਤਾਰ ਦਿੱਤਾ। ਬਾਬਾ ਅਜੀਤ ਸਿੰਘ ਨੇ ਬੜੀ ਬਹਾਦਰੀ ਨਾਲ ਵੈਰੀ-ਦਲਾਂ ਦਾ ਮੁਕਾਬਲਾ ਕੀਤਾ। ਪਰ ਜਦੋਂ ਸਾਰੇ ਹਥਿਆਰ ਜੁਆਬ ਦੇ ਗਏ ਤਾਂ ਉਹਨਾਂ ਨੂੰ ਦੁਸ਼ਮਣ ਦੀ ਫ਼ੌਜ ਨੇ ਘੇਰ ਲਿਆ ਅਤੇ ਉਹ ਆਪਣੀ ਤਲਵਾਰ ਦਾ ਜ਼ੌਹਰ ਦਿਖਾਉਂਦੇ ਹੋਏ ਸ਼ਹੀਦ ਹੋ ਗਏ। ਫਿਰ ਵੱਡੇ ਭਰਾ ਨੂੰ ਸ਼ਹੀਦ ਹੁੰਦਾ ਦੇਖ, ਛੋਟਾ ਸਾਹਿਬਜ਼ਾਦਾ ਜੁਝਾਰ ਸਿੰਘ ਇਜਾਜ਼ਤ ਲੈ ਕੇ ਕੁਝ ਸਿੰਘਾਂ ਨਾਲ ਮੈਦਾਨੇ-ਜੰਗ ਵਿਚ ਕੁੱਦ ਪਿਆ। ਮੁਗਲ ਫ਼ੌਜਾਂ ਨੇ ਬਾਬਾ ਜੁਝਾਰ ਸਿੰਘ ਤੇ ਉਸ ਦੇ ਸਾਥੀਆਂ ਨੂੰ ਵੀ ਘੇਰੇ ਵਿਚ ਲੈ ਲਿਆ। ਆਖ਼ਿਰ ਸ਼ਾਮ ਹੁੰਦਿਆਂ-ਹੁੰਦਿਆਂ ਇਕ ਹੋਰ ਚਿਰਾਗ ਪੂਰਾ ਰੌਸ਼ਨ ਹੋ ਕੇ ਬੁੱਝ ਗਿਆ।

ਉਧਰ ਸਰਸਾ ਨਦੀ ਤੇ ਹੋਈ ਭਿਆਨਕ ਜੰਗ ਤੋਂ ਬਾਅਦ ਮਾਤਾ ਗੁਜਰੀ ਜੀ ਅਤੇ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਫਿਰ ਉਹਨਾਂ ਸਾਹਿਬਜ਼ਾਦਿਆਂ ਨੂੰ ਸਰਹਿੰਦ ਲਿਆ ਕੇ ਕਚਹਿਰੀ ਪੇਸ਼ ਕੀਤਾ ਗਿਆ। ਜੋ ਕੁਝ ਕਚਹਿਰੀ ਵਿਚ ਵਾਪਰਿਆਂ ਉਸ ਦਾ ਬਿਰਤਾਂਤ ਵੀ ਬਹੁਤ ਖ਼ੌਫ਼ਨਾਕ ਹੈ। ਗਿਆਨੀ ਗਿਆਨ ਸਿੰਘ ਨੇ ਆਪਣੇ ਪੰਥ ਪ੍ਰਕਾਸ਼ ਵਿਚ ਛੋਟੇ ਸਾਹਿਬਜ਼ਾਦਿਆਂ ਨਾਲ ਵਾਪਰੇ ਇਸ ਬਿਰਤਾਂਤ ਨੂੰ ਨਿਵੇਕਲੇ ਅੰਦਾਜ਼ ਵਿਚ ਦਰਜ ਕੀਤਾ ਹੈ। ਉਹਨਾਂ ਅਨੁਸਾਰ ਤੀਜੇ ਦਿਨ ਕੈਦ ਵਿਚੋਂ ਕੱਢ ਕੇ ਜਦੋਂ ਸਾਹਿਬਜ਼ਾਦਿਆਂ ਨੂੰ ਕਚਹਿਰੀ ਵਿਚ ਪੇਸ਼ ਕਰਨ ਲਈ ਲੇ ਜਾਇਆ ਜਾਣ ਲੱਗਿਆ ਤਾਂ ਦਾਦੀ ਮਾਂ, ਮਾਤਾ ਗੁਜਰੀ ਜੀ ਵਾਰ-ਵਾਰ ਪੋਤਰਿਆਂ ਨੂੰ ਆਪਣੇ ਸੀਨੇ ਨਾਲ ਲਾ ਰਹੇ ਸਨ। ਉਧਰ ਸਾਹਿਬਜ਼ਾਦੇ ਵੀ ਦਾਦੀ ਮਾਂ ਦੀ ਮਨੋਸਥਿਤੀ ਨੂੰ ਸਮਝ ਰਹੇ ਸਨ। ਉਹ ਇਹ ਵੀ ਸਮਝ ਰਹੇ ਸਨ ਕਿ ਮਾਤਾ ਗੁਜਰੀ ਜੀ ਦੇ ਮਨ ਵਿਚ ਇਹ ਚਿੰਤਾ ਵੀ ਸੁਆਲ ਬਣ ਕੇ ਖੜ੍ਹੀ ਹੈ ਕਿ ਆਖ਼ਿਰ ਕਚਹਿਰੀ ਵਿਚ ਨਿੱਕੇ-ਨਿੱਕੇ ਸਾਹਿਬਜ਼ਾਦੇ ਆਪਣਾ ਸਿਦਕ ਕਿੱਦਾਂ ਨਿਭਾਉਣਗੇ। ਇਹਨਾਂ ਹਾਲਾਤਾਂ ਵਿਚ ਜੋ ਕੁੱਝ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਕਿਹਾ, ਉਹ ਸਾਹਿਬਜ਼ਾਦਿਆਂ ਦੇ ਮਜ਼ਬੂਤ ਇਰਾਦੇ ਅਤੇ ਅਡਿੱਗ ਹੌਸਲੇ ਦਾ ਪਰਤੱਖ ਪਰਮਾਣ ਹੈ। ਗਿਆਨੀ ਗਿਆਨ ਸਿੰਘ ਦੀਆਂ ਸਤਰਾਂ ਪੜ੍ਹਨ ਵਾਲੀਆਂ ਹਨ:





ਤੀਜੇ ਦਿਨ ਫਿਰ ਵੀਚ ਕਚਹਿਰੀ। ਬੁਲਵਾਏ ਗੁਰ ਸੁਤ ਜੁਗ ਲਹਿਰੀ।
ਜਬ ਚਪੜਾਸੀ ਲੈਣੇ ਆਏ। ਮਾਤਾ ਪਿਖ ਕੈ ਨੈਣ ਚਹਾਏ।
ਮੁੜ ਮੁੜ ਪੋਤ੍ਰਨ ਸੀਨੇ ਲਾਏ। ਜੋਰਾਵਰ ਸਿੰਘ ਕਹਯੋ ਸੁਨਾਏ।
ਕਥਾ ਅਨੇਕਨ ਕੀ ਹਮ ਸੁਨੀ। ਭਾਵੀ ਨੇ ਜੀਤੇ ਰਿਖਿ ਮੁਨੀ।
ਫਿਰ ਗੁਰ ਅਰਜਨ ਜੀ ਕੈ ਸਾਥ। ਕੈਸ ਦਿਖਾਏ ਭਾਵੀ ਹਾਥ।
ਧਰਮ ਹੇਤ ਫਿਰ ਹਮਰੇ ਦਾਦੈ। ਦੀਨੋ ਸਿਰ ਹੈ ਤੁਮ ਕੋ ਯਾਦੈ।

ਦਾਦੀ ਨੂੰ ਸੰਬੋਧਨ ਕਰਦਿਆਂ ਫਿਰ ਸਾਹਿਬਜ਼ਾਦਾ ਜ਼ੋਰਾਵਰ ਸਿੰਘ ਨੇ ਕਿਹਾ:

ਧੰਨਯ ਭਾਗ ਹਮਰੇ ਹੈ ਮਾਈ। ਧਰਮ ਹੇਤ ਤਨ ਦੇ ਕਰ ਜਾਈ।
ਤਿਸ ਕੇ ਮਾਤ ਪਿਤਾ ਕਯੋਂ ਰੋਵੇਂ। ਪੂਤ ਧਰਮ ਪਰ ਜੋ ਤਨ ਖੋਵੇਂ।

ਕੋਈ ਸ਼ੱਕ ਨਹੀਂ ਬੇਮਿਸਾਲ ਦਲੇਰੀ ਦਾ ਪਰਿਚੈ ਦਿੱਤਾ ਸੀ, ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਨੇ। ਜਿਹਨਾਂ ਹਾਲਾਤਾਂ ਵਿਚ ਉਹਨਾਂ ਨੇ ਆਪਣੇ ਆਪ ਨੂੰ ਪੇਸ਼ ਕੀਤਾ ਸੀ ਅਤੇ ਮੈਦਾਨੇ-ਜੰਗ ਵਿਚ ਸ਼ਹਾਦਤ ਦੇਣ ਦਾ ਨਿਰਣਾ ਲਿਆ ਸੀ, ਉਸ ਦੀ ਦੂਜੀ ਮਿਸਾਲ ਇਤਿਹਾਸ ਵਿਚ ਨਹੀਂ ਮਿਲਦੀ। ਫੇਰ ਜਿਸ ਜੁਰੱਅਤ ਦਾ ਮੁਜ਼ਾਹਿਰਾ 9 ਸਾਲ ਦੇ ਬਾਬਾ ਜ਼ੋਰਾਵਰ ਸਿੰਘ ਤੇ 7 ਸਾਲ ਦੇ ਬਾਬਾ ਫਤਹਿ ਸਿੰਘ ਨੇ ਕੀਤਾ ਅਤੇ ਜਿਸ ਤਰ੍ਹਾਂ ਸੂਬੇ ਦੀ ਹਰ ਤਜਵੀਜ਼ ਰੱਦ ਕਰ ਕੇ ਸ਼ਹੀਦ ਹੋ ਜਾਣ ਨੂੰ ਤਰਜੀਹ ਦਿੱਤੀ, ਉਸ ਦਾ ਵੀ ਕੋਈ ਹੋਰ ਦੂਜਾ ਉਦਾਹਰਣ ਇਤਿਹਾਸ ਵਿਚ ਪ੍ਰਾਪਤ ਨਹੀਂ ਹੁੰਦਾ। ਦਾਦੀ ਮਾਂ, ਮਾਤਾ ਗੁਜਰੀ ਜੀ ਵੀ ਆਪਣੀ ਵਿਲੱਖਣ ਇਤਿਹਾਸਕ ਭੂਮਿਕਾ ਨਿਭਾਉਂਦਿਆਂ ਸਚਖੰਡ ਪਿਆਨਾ ਕਰ ਗਏ।

ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਹੌਂਸਲਾ ਵੀ ਕਮਾਲ ਸੀ। ਚਾਰੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਜਫ਼ਰਨਾਮੇ ਵਿਚ ਗੁਰੂ ਸਾਹਿਬ ਨੇ ਫ਼ਰਮਾਇਆ ਸੀ ਕਿ ਕੀ ਹੋਇਆ ਜੇ ਮੇਰੇ ਚਾਰ ਬੱਚੇ ਮਾਰ ਦਿੱਤੇ ਗਏ, ਆਖ਼ਿਰ ਵਿਚ ਸ਼ਹਨਸ਼ਾਹੀਅਤ, ਭੁਜੰਗੀ ਖ਼ਾਲਸੇ ਪਾਸੋਂ ਮਾਰ ਖਾਵੇਗੀ:

-ਚਿਹਾ ਸ਼ੁਦ ਕਿ ਚੂੰ ਬਚਗਾਂ ਕੁਸ਼ਤਹ ਚਾਰ।
ਕਿ ਬਾਕੀ ਬਿਮਾਂਦਸਤ ਪੇਚੀਦਾ ਮਾਰ।

ਇਹ ਵੀ ਵਿਸਵਾਸ਼ ਕੀਤਾ ਜਾਂਦਾ ਹੈ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ ਖ਼ਾਲਸਾ ਪੰਥ ਦੇ ਇਕ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਗੁਰੂ ਸਾਹਿਬ ਨੇ ਐਲਾਨ ਕੀਤਾ ਸੀ, ਚਾਰ ਪੁੱਤਰ ਮਾਰੇ ਗਏ ਹਨ ਤਾਂ ਕੀ ਹੋਇਆ, ਹਜ਼ਾਰਾਂ ਹੋਰ ਜੀਵਤ ਹਨ, ਜਿਹੜੇ ਉਹਨਾਂ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਤਿਆਰ ਬੈਠੇ ਹਨ। ਇਹਨਾਂ ਸਿੱਖਾਂ-ਪੁੱਤਰਾਂ ਦੇ ਸੀਸ ਤੋਂ ਮੈਂ ਚਾਰ ਪੁੱਤਰਾਂ ਨੂੰ ਵਾਰ ਦਿੱਤਾ ਹੈ:

ਇਨ ਪੁਤਰਨ ਕੇ ਸੀਸ ਪਰ, ਵਾਰ ਦੀਏ ਸੁਤ ਚਾਰ।
ਚਾਰ ਮੁਏ ਤੋ ਕਿਆ ਹੂਆ, ਜੀਵਤ ਕਈ ਹਜ਼ਾਰ।

ਹਕੀਮ ਅੱਲਾ ਯਾਰ ਖ਼ਾਂ ਜੋਗੀ ਆਪਣੀ ਇਕ ਲਿਖਤ ਵਿਚ ਪੀਰਾਂ-ਪੈਗੰਬਰਾਂ ਵਿਚ ਗੁਰੂ ਸਾਹਿਬ ਦੇ ਸਿਰਮੌਰ ਰੁਤਬੇ ਬਾਰੇ ਲਿਖਦਾ ਹੈ ਕਿ ਰਸੂਲਾਂ ਵਿਚ ਗੁਰੂ ਗੋਬਿੰਦ ਸਿੰਘ ਜੀ ਵਰਗਾ ਸਬਰ-ਸਬੂਰੀ ਵਾਲਾ ਕੋਈ ਹੋਰ ਨਹੀਂ ਹੋਇਆ ਜਿਸ ਨੇ ਚਾਰ ਬੇਟਿਆਂ ਦੀ ਸ਼ਹਾਦਤ ਦੇ ਕੇ ਇਕ ਹੰਝੂ ਵੀ ਨਹੀਂ ਕੇਰਿਆ। ਕੋਈ ਸ਼ੱਕ ਨਹੀਂ, ਗੁਰੂ ਜੀ ਨੇ ਰਿਸ਼ੀਆਂ ਦੇ ਮਰਤਬੇ ਨੂੰ ਹੋਰ ਉੱਚਾ ਕਰ ਦਿੱਤਾ ਸੀ।

ਯਾਕੂਬ ਕੋ ਯੂਸਫ਼ ਕੇ ਬਿਛੜਨੇ ਨੇ ਰੁਲਾਯਾ।
ਸਾਬਰ ਕੋਈ ਕਮ ਐਸਾ ਰਸੂਲੋਂ ਮੇਂ ਹੈ ਆਯਾ।
ਕਟਵਾ ਕੇ ਪਿਸਰ ਚਾਰ ਇਕ ਆਂਸੂ ਨਾ ਗਿਰਾਯਾ।
ਰੁਤਬਾ ਗੁਰੂ ਗੋਬਿੰਦ ਨੇ ਰਿਸ਼ੀਓਂ ਕਾ ਬੜ੍ਹਾਯਾ।

ਹਿੰਦੀ ਸਾਹਿਤ ਦੇ ਨਾਮਵਰ ਵਿਦਵਾਨ ਸਾਹਿਤਕਾਰ ਤੇ ਕਵੀ ਮੈਥਿਲੀ ਸ਼ਰਣ ਗੁਪਤ ਨੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਆਪਣੀ ਅਕੀਦਤ ਭੇਟ ਕਰਦਿਆਂ ਲਿਖਿਆ ਸੀ:

ਜਿਸ ਕੁਲ, ਜਾਤ, ਦੇਸ਼ ਕੇ ਬੱਚੇ, ਦੇ ਸਕਦੇ ਹੈਂ ਯੋਂ ਬਲਿਦਾਨ।
ਉਸਕਾ ਵਰਤਮਾਨ ਕੁਛ ਭੀ ਹੋ, ਪਰ ਭਵਿਸ਼ਯ ਹੈ ਮਹਾਂ ਮਹਾਨ।

ਨਿਰਸੰਦੇਹ, ਦੁਨੀਆਂ ਦੇ ਇਤਿਹਾਸ ਵਿਚ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਇਕ ਨਿਵੇਕਲਾ ਤੇ ਗੌਰਵਮਈ ਮੁਕਾਮ ਨਿਸਚਿਤ ਹੈ। ਛੋਟੀ ਉਮਰ ਦੇ ਵੱਡੇ ਸ਼ਹੀਦਾਂ ਪ੍ਰਤੀ ਕੌਮ ਹਮੇਸ਼ਾਂ ਰਿਣੀ ਰਹੇਗੀ।

ਭੂਤਪੂਰਵ ਵਾਈਸ ਚਾਂਸਲਰ ਪੰ.ਯੂ.ਪਟਿਆਲਾ












ਸ੍ਰੀ ਅਕਾਲ ਤੱਖਤ ਸਾਹਿਬ:- ਦਸ਼ਮੇਸ਼ ਪਿਤਾ ਦੇ ਪ੍ਰਕਾਸ਼-ਪੁਰਬ ਦੇ ਸਨਮੁੱਖ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਵੱਲੋਂ ਵੀ ਸ੍ਰੀ ਅਕਾਲ ਤੱਖਤ ਸਾਹਿਬ ਤੋਂ ਵੀ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਜਾਗਤਿ ਜੋਤਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ ਪੰਜ ਪਿਆਰਿਆਂ ਦੀ ਅਗਵਾਈ ਹੇਠ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ ਵੱਲੋਂ ਅਰਦਾਸ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਨੂੰ ਫੁੱਲਾਂ ਨਾਲ ਸਜੀ ਪਾਲਕੀ ਵਿਚ ਸੁਸ਼ੋਭਤ ਕਰਨ ਉਪਰੰਤ ਰਵਾਨਾ ਕੀਤਾ ਗਿਆ। ਵਿਸ਼ੇਸ਼ਤਾ ਇਹ ਕਿ ਨਗਰ ਕੀਰਤਨ ਦੀ ਆਰੰਭਤਾ ਸਮੇਂ ਸਜੀ ਪਾਲਕੀ ਸਾਹਿਬ ਨੂੰ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਤੇ ਆਨਰੇਰੀ ਜਾਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਨੇ ਮੋਢਾ ਦੇ ਕੇ ਰਵਾਨਾ ਕੀਤਾ।

ਨਗਰ ਕੀਰਤਨ ਰਵਾਨਾ ਕਰਨ ਉਪਰੰਤ ਦੀਵਾਨ ਦੇ ਪ੍ਰਧਾਨ ਡਾ.ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਐਡੀਸ਼ਨਲ ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਆਨਰੇਰੀ ਜਾਇੰਟ ਸਕੱਤਰ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ ਆਦਿ ਨੇ ਲੰਗਰ ਵਿਚ ਸੰਗਤਾਂ ਦੇ ਜੂਠੇ ਭਾਂਡੇ ਮਾਂਜਣ ਦੀ ਸੇਵਾ ਕੀਤੀ।

ਇਸ ਨਗਰ ਕੀਰਤਨ ਸਮੇਂ ਸ਼ਬਦ-ਕੀਰਤਨ ਕਰਦੇ ਸ਼ਬਦੀ ਜਥਿਆਂ, ਗਤਕਾਂ ਪਾਰਟੀਆਂ ਦੇ ਕਰਤੱਵ ਵੇਖਣਯੋਗ ਸਨ।

ਏਸੇ ਤਰ੍ਹਾਂ ਦੇਸ਼ ਦੇ ਹੋਰ ਪ੍ਰਸਿੱਧ ਸ਼ਹਿਰਾਂ, ਜੰਮੂ, ਦਿਲੀ, ਮੁੰਬਈ, ਕੋਲਕਤਾ ਆਦਿ ਥਾਂਵਾਂ ਤੇ ਵੀ ਸੰਗਤਾਂ ਨੇ ਨਗਰ ਕੀਰਤਨ ਸਜਾ ਕੇ ਦਸਮ-ਪਿਤਾ ਦੇ ਪ੍ਰਕਾਸ਼ ਪੁਰਬ ਨੂੰ ਸ਼ਰਧਾਂਜਲੀ ਅਰਪਨ ਕੀਤੀ।





## ਮਿਹਨਤ, ਇਮਾਨਦਾਰੀ, ਸਮਰਪਤ ਭਾਵਨਾ ਨਾਲ ਕੰਮ ਕਰਨ ਦੀ ਲੋੜ -ਸ੍ਰ.ਸੇਠੀ
## ਦੀਵਾਨ ਵਲੋਂ ਆਰੰਭੇ ਵਿਕਾਸ ਕਾਰਜ ਪ੍ਰਫੁਲਤ ਕੀਤੇ ਜਾਣਗੇ -ਸ੍ਰ.ਕੱਥੂਨੰਗਲ
## ਚੀਫ਼ ਖ਼ਾਲਸਾ ਦੀਵਾਨ ਨੇ ਨਵੇਂ ਸਾਲ ਦੇ ਮੌਕੇ ਤੇ ਕੀਤਾ ਅਰਦਾਸ ਸਮਾਗਮ



ਚੀਫ਼ ਖ਼ਾਲਸਾ ਦੀਵਾਨ ਵੱਲੋਂ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਨਵੇਂ ਸਾਲ ਦੇ ਮੌਕੇ ਤੇ ਦਫ਼ਤਰੀ ਕੰਮ-ਕਾਜ ਦੇ ਪਹਿਲੇ ਦਿਨ ਅਰਦਾਸ ਸਮਾਗਮ ਦਾ ਆਯੋਜਨ ਕੀਤਾ ਗਿਆ ਜਿਸ ਤਹਿਤ ਚੀਫ਼ ਖ਼ਾਲਸਾ ਦੀਵਾਨ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋਏ। ਉਹਨਾਂ ਗੁਰੂ ਸਾਹਿਬ ਅੱਗੇ ਚੀਫ਼ ਖ਼ਾਲਸਾ ਦੀਵਾਨ ਦੀ ਨਿਰੰਤਰ ਚੜ੍ਹਦੀ ਕਲਾ ਅਤੇ ਤਰੱਕੀ ਲਈ ਬਲ ਅਤੇ ਸਮਰਥਾ ਬਖਸ਼ਣ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਨੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਸੰਸਥਾ ਵੱਲੋਂ ਸਮੂਹ ਸੰਗਤਾਂ ਨੂੰ ਨਵੇਂ ਸਾਲ ਦਾ ਵਧਾਈ ਸੰਦੇਸ਼ ਦਿੱਤਾ ਅਤੇ ਕਿਹਾ ਕਿ ਅਕਾਲ ਪੁਰਖ ਦੀਆਂ ਰਹਿਮਤਾਂ ਨੇ ਚੀਫ਼ ਖ਼ਾਲਸਾ ਦੀਵਾਨ ਨੂੰ ਇਕ ਤੋ ਇਕ ਵੱਧ ਕੇ ਚੜ੍ਹਦੀ ਕਲਾ ਵਾਲੀਆ ਸੰਸਥਾਵਾਂ ਉਸਾਰਨ ਅਤੇ ਚਲਾਉਣ ਦੀਆਂ ਖੁਸ਼ੀਆਂ ਬਖਸ਼ੀਆਂ ਹਨ ਜਿੰਨਾਂ ਦੇ ਵਿਕਾਸ ਕਾਰਜ ਨਿਰੰਤਰ ਤੌਰ ਤੇ ਜਾਰੀ ਰੱਖੇ ਜਾ ਰਹੇ ਹਨ। ਨਵੇਂ ਸਾਲ ਦੌਰਾਨ ਵੀ ਬਟਾਲਾ ਵਿਖੇ ਅਤਿ ਆਧੁਨਿਕ ਤਕਨੀਕਾਂ ਅਤੇ ਸੁਵਿਧਾਵਾਂ ਨਾਲ ਸੁੱਸਜਿਤ ਚੀਫ਼ ਖ਼ਾਲਸਾ ਦੀਵਾਨ ਸਕੂਲ ਦੀ ਉਸਾਰੀ ਸ਼ੁਰੂ ਕੀਤੀ ਜਾ ਰਹੀ ਹੈ। ਉਹਨਾਂ ਸਮੂਹ ਮੈਂਬਰ ਸਾਹਿਬਾਨ ਨੂੰ ਇਕਜੁੱਟਤਾ ਅਤੇ ਇਕਸਾਰਤਾ ਨਾਲ ਕੰਮ ਕਰਨ ਲਈ ਪ੍ਰੇਰਿਤ ਕੀਤਾ ਤਾਂ ਜੋ ਉਹ ਲੋਕ ਭਲਾਈ ਕਾਰਜਾਂ ਦੇ ਨਾਲ-ਨਾਲ ਸੰਸਥਾ ਦੇ ਮੋਢੀਆਂ ਦੇ ਸੁਪਨਿਆਂ ਨੂੰ ਵੀ ਸਫ਼ਲਤਾ ਪੂਰਵਕ ਪੂਰਾ ਕਰ ਸਕਣ।

ਉਪਰੰਤ ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ ਨੇ ਮੈਂਬਰ ਸਾਹਿਬਾਨ ਅਤੇ ਸਟਾਫ਼ ਨੂੰ ਮਿਹਨਤ, ਇਮਾਨਦਾਰੀ, ਸਮਰਪਣ, ਅਤੇ ਅਨੁਸ਼ਾਸਨ ਵਰਗੇ ਗੁਣਾਂ ਦਾ ਧਾਰਨੀ ਬਣਦਿਆਂ ਚੀਫ਼ ਖ਼ਾਲਸਾ ਦੀਵਾਨ ਦੀ ਤਰੱਕੀ ਵਿਚ ਮਹੱਤਵਪੂਰਨ ਯੋਗਦਾਨ ਦੇਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਸਵਿੰਦਰ ਸਿੰਘ ਕੱਥੂਨੰਗਲ ਅਤੇ ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਐਡੀ.ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਆਨਰੇਰੀ ਸਕੱਤਰ ਐਜੂਕੇਸ਼ਨਲ ਕਮੇਟੀ ਡਾ.ਐਸ.ਐਸ.ਛੀਨਾ, ਡਾ.ਆਤਮਜੀਤ ਸਿੰਘ ਬਸਰਾ, ਸ੍ਰ.ਰਾਬਿੰਦਰਜੀਤ ਸਿੰਘ ਭੱਲਾ, ਸ੍ਰ.ਰਮਨੀਕ ਸਿੰਘ, ਸ੍ਰ.ਮੋਹਨਜੀਤ ਸਿੰਘ ਭੱਲਾ, ਸ੍ਰ.ਸਰਜੋਤ ਸਿੰਘ ਸਾਹਨੀ, ਸ੍ਰ.ਅਮਰਦੀਪ ਸਿੰਘ ਮਰਵਾਹਾ, ਡਾ.ਜਸਬੀਰ ਸਿੰਘ ਸਾਬਰ, ਅੰਡਰ ਸੈਕਟਰੀ ਸ੍ਰ.ਹਰਭਜਨ ਸਿੰਘ, ਡਾਇਰੈਕਟਰ ਐਜੂਕੇਸ਼ਨ ਡਾ.ਧਰਮਵੀਰ ਸਿੰਘ, ਡਾਇਰੈਕਟਰ ਓਪਰੇਸ਼ਨ ਡਾ.ਏ.ਪੀ.ਐਸ ਚਾਵਲਾ ਅਤੇ ਚੀਫ਼ ਖ਼ਾਲਸਾ ਦੀਵਾਨ ਦਫ਼ਤਰ, ਹਸਪਤਾਲ, ਸਕੂਲਜ਼, ਐਜੂਕੇਸ਼ਨ ਕਮੇਟੀ ਦਾ ਸਮੂਹ ਸਟਾਫ ਹਾਜ਼ਰ ਸੀ।

## ਡਾ. ਨਿੱਜਰ ਵਲੋਂ ਤੱਖਤ ਸ੍ਰੀ ਕੇਸਗੜ੍ਹ ਸਾਹਿਬ ਜੀ ਦੇ ਜਥੇਦਾਰ ਨੂੰ ਵਧਾਈ



ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਖ਼ਾਲਸਾ ਪੰਥ ਦੀ ਸਿਰਜਨਾ ਕਰਕੇ ਸਿੱਖ ਕੌਮ ਨੂੰ ਅਮਰ ਜੀਵਨ ਪ੍ਰਦਾਨ ਕਰਨ ਵਾਲੇ ਪ੍ਰਸਿੱਧ ਪਾਵਨ ਸਥਾਨ ਤੱਖਤ ਸ੍ਰੀ ਕੇਸਗੜ੍ਹ ਸ੍ਰੀ ਅਨੰਦਪੁਰ ਸਾਹਿਬ ਜੀ ਦੀ ਅਜੋਕੇ ਸਮੇਂ ਬਤੌਰ ਜਥੇਦਾਰ ਦੀ ਪੱਦਵੀ ਤੇ ਸੁਸ਼ੋਬਤ ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ ਜੀ ਦੇ ਸਪੁੱਤਰ ਸ੍ਰ.ਮੋਹਦੀਪ ਸਿੰਘ ਜੀ ਦੇ ਗ੍ਰਹਿ ਵਿਖੇ ਅਕਾਲ ਪੁਰਖ ਨੇ ਪੁੱਤਰ ਦੀ ਦਾਤ ਬਖਸ਼ਿਸ਼ ਕੀਤੀ ਹੇ। ਸਿੰਘ ਸਾਹਿਬ ਜੀ ਨੂੰ ਪ੍ਰਾਪਤ ਪੋਤਰੇ ਦੀ ਦਾਤ ਤੇ ਖੁਸ਼ੀ ਪ੍ਰਗਟ ਕਰਦਿਆਂ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਕੈਬਨਿਟ ਮੰਤਰੀ ਪੰਜਾਬ ਨੇ ਸਿੰਘ ਸਾਹਿਬ ਗਿਆਨੀ ਰਘੁਬੀਰ ਸਿੰਘ ਨੂੰ ਵਧਾਈ ਦਿੰਦਿਆਂ ਉਨ੍ਹਾਂ ਨੇ ਨਵਜਾਤ ਬੱਚੇ ਦੀ ਲੰਬੀ ਉਮਰ, ਚੰਗੀ ਸਿਹਤ ਅਤੇ ਸੁਨਹਿਰੀ ਭਵਿੱਖ ਲਈ ਸ਼ੁਭ ਕਾਮਨਾਵਾਂ ਪ੍ਰਗਟਾਉਂਦਿਆਂ ਆਸ ਪ੍ਰਗਟ ਕੀਤੀ ਕਿ ਉਨ੍ਹਾਂ ਦਾ ਪੋਤਰਾ ਆਪਣੇ ਦਾਦਾ ਜੀ ਦੀ ਉਚ ਦਮਾਲੜੀ ਸਖ਼ਸ਼ੀਅਤ ਸਨਮੁੱਖ ਸੱਚੀ ਸੁੱਚੀ ਗੁਰਮਤਿ ਜੀਵਨ-ਜਾਚ ਨੂੰ ਅੰਗ ਸੰਗ ਕਰਕੇ ਦੇਸ਼ ਕੌਮ ਅਤੇ ਸਮਾਜ ਸੇਵਾ ਦੇ ਖੇਤਰ ਵਿਚ ਵਡਮੁੱਲਾ ਯੋਗਦਾਨ ਪਾਕੇ ਆਪਣੇ ਪਰਿਵਾਰ ਦੀ ਵਿਰਾਸਤ ਨੂੰ ਰੋਸ਼ਨ ਕਰੇਗਾ।



## ਪ੍ਰੋ.ਹਰਪ੍ਰੀਤ ਸਿੰਘ ਢਿੱਲੋਂ ਦੀ ਅਮਰੀਕਾ ਵਿਚ ਪੱਦ ਉਨਤੀ ਦੀਵਾਨ ਲਈ ਮਾਣ-ਡਾ.ਨਿੱਜਰ

ਚੀਫ਼ ਖ਼ਾਲਸਾ ਦੀਵਾਨ ਦੇ ਸਿੱਖੀ ਸਿੱਖਿਆ ਖੇਤਰ ਦੀ ਮੰਤਵ-ਪੂਰਤੀ ਨੂੰ ਚਾਰ ਚੰਨ ਲਾਉਣ ਵਾਲੇ ਪ੍ਰੋਫੈਸਰ ਹਰਪ੍ਰੀਤ ਸਿੰਘ ਢਿੱਲੋਂ ਅਮਰੀਕਾ ਦੇ ਪ੍ਰਸਿੱਧ ਵਿਦਿਅਕ ਅਦਾਰੇ ਵਰਜੀਨੀਆ ਦੇ ਬ੍ਰੇਡਲੇ ਡੀਪਾਰਟਮੈਂਟ ਆਫ਼ ਇਲੈਕਟਰੀਕਲ ਐਂਡ ਕੰਪਿਊਟਰ ਇੰਜਨੀਅਰਿੰਗ ਵਿਚ ਫੁਲ ਪ੍ਰੋਫੈਸਰ ਨਿਯੁਕਤ ਹੋਏ ਹਨ।

ਪ੍ਰੋਫੈਸਰ ਹਰਪ੍ਰੀਤ ਸਿੰਘ ਢਿੱਲੋਂ ਦੀਵਾਨ ਦੇ ਮੁੱਖ ਅਦਾਰੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਜੀ.ਟੀ.ਰੋਡ ਦੇ ਵਿਦਿਆਰਥੀ ਰਹਿ ਚੁੱਕੇ ਹਨ ਜਿਨ੍ਹਾਂ ਨੇ ਸਾਲ 2004 ਵਿਚ ਇਸ ਸਕੂਲ ਤੋਂ 10+2 ਨਾਨ ਮੈਡੀਕਲ ਦੀ ਪ੍ਰੀਖਿਆ ਪ੍ਰਾਪਤ ਕੀਤੀ ਸੀ। ਪ੍ਰੋਫੈਸਰ ਢਿੱਲੋਂ ਪੁਲਿਸ ਇੰਸਪੈਕਟਰ ਸ੍ਰ.ਹਰਜੀਤ ਸਿੰਘ ਤੇ ਬੀਬੀ ਪਰਮਜੀਤ ਕੌਰ ਦੇ ਬੇਟੇ ਹਨ। ਵਿਸ਼ੇਸ਼ਤਾ ਇਹ ਕਿ ਪ੍ਰੋ:ਢਿੱਲੋਂ ਦੀਵਾਨ ਦੀ ਸਪੋਰਟਸ ਡਾਇਰੈਕਟਰ ਅੰਮ੍ਰਿਤਪਾਲ ਕੌਰ ਦੇ ਜਵਾਈ ਹਨ ਜਿਨ੍ਹਾਂ ਦੀ ਬੇਟੀ ਤਾਨੀਆ ਕੌਰ ਪ੍ਰੋ.ਢਿੱਲੋਂ ਦੀ ਸੁਪਤਨੀ ਹੈ ਅਤੇ ਉਹ ਵੀ ਜੀ.ਟੀ.ਰੋਡ ਸਕੂਲ ਦੀ ਵਿਦਿਆਰਥਣ ਰਹਿ ਚੁੱਕੀ ਹੈ।

ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਅਤੇ ਬਾਕੀ ਅਹੁਦੇਦਾਰਾਂ ਨੇ ਪ੍ਰੋ.ਢਿੱਲੋਂ ਦੀ ਇਸ ਪ੍ਰਾਪਤੀ ਨੂੰ ਦੀਵਾਨ ਲਈ ਪ੍ਰਾਪਤੀ ਦਸਦਿਆਂ ਪ੍ਰੋ.ਢਿੱਲੋਂ ਅਤੇ ਡਾਇਰੈਕਟਰ ਸਪੋਰਟਸ ਅੰਮ੍ਰਿਤਪਾਲ ਕੌਰ ਨੂੰ ਮੁਬਾਰਕਬਾਦ ਦਿੱਤੀ।

## ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਸੈਂਟਰਲ ਖਾਲਸਾ ਯਤੀਮਖਾਨਾ ਵਿਖੇ ਲਗਿਆ ਮੈਡੀਕਲ ਕੈਂਪ





ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਿੱਖੀ ਸਿਖਿਆ ਦੇ ਪ੍ਰਸਾਰ ਤੇ ਪ੍ਰਚਾਰ ਦੇ ਨਾਲ ਨਾਲ ਲੋਕ ਭਲਾਈ ਕਾਰਜਾਂ ਹਿੱਤ ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਹੇਠ ਚੱਲ ਰਹੇ ਸੈਂਟਰਲ ਖਾਲਸਾ ਯਤੀਮਖਾਨਾ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਮੈਡੀਕਲ ਕੈਂਪ ਆਯੋਜਿਤ ਕੀਤਾ ਗਿਆ ਜਿਸ ਦਾ ਉਦਘਾਟਨ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ: ਅਜੀਤ ਸਿੰਘ ਬਸਰਾ ਵੱਲੋਂ ਕੀਤਾ ਗਿਆ। ਡਿਪਾਰਟਮੈਂਟ ਆਫ ਆਯੂਰਵੇਦ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਅਤੇ ਯਤੀਮਖਾਨੇ ਦੇ ਮੈਂਬਰ ਇੰਚਾਰਜ ਡਾ: ਆਤਮਜੀਤ ਸਿੰਘ ਬਸਰਾ, ਸ੍ਰ.ਮੋਹਨਜੀਤ ਸਿੰਘ ਭੱਲਾ, ਸ੍ਰ.ਮਨਦੀਪ ਸਿੰਘ ਬੇਦੀ, ਦੀ ਦੇਖ ਰੇਖ ਵਿਚ ਲਗਾਏ ਗਏ ਇਸ ਕੈਂਪ ਵਿਚ ਯਤੀਮਖਾਨੇ ਦੇ ਨਾਲ ਨਾਲ ਯਤੀਮਖਾਨਾ ਕੈਂਪਸ ਵਿਖੇ ਸਥਿਤ ਗੁਰਮਤਿ ਕਾਲਜ ਅਤੇ ਸੂਰਮਾ ਸਿੰਘ ਆਸ਼ਰਮ ਦੇ ਕਰੀਬ 300 ਬੱਚਿਆਂ ਤੇ ਸਟਾਫ ਦਾ ਮਾਹਿਰ ਡਾਕਟਰਾਂ ਵੱਲੋਂ ਚੈਕਅਪ ਕੀਤਾ ਗਿਆ ਤੇ ਬੀਮਾਰੀ ਦੇ ਲੱਛਣਾਂ ਅਨੁਸਾਰ ਫਰੀ ਦਵਾਈਆਂ ਦਿੱਤੀਆਂ ਗਈਆਂ ਅਤੇ ਲੋੜੀਂਦੇ ਟੈਸਟ ਵੀ ਲਿਖੇ ਗਏ। ਇਸ ਮੌਕੇ ਜ਼ਿਲਾ ਆਯੂਰਵੈਦਿਕ ਅਫਸਰ ਡਾ: ਰਣਬੀਰ ਸਿੰਘ ਕੰਗ ਅਤੇ ਯਤੀਮਖਾਨਾ ਮੈਂਬਰ ਇੰਚਾਰਜ ਡਾ: ਆਤਮਜੀਤ ਸਿੰਘ ਬਸਰਾ ਵੱਲੋਂ ਬੱਚਿਆਂ ਨੂੰ ਆਮ ਹੋਣ ਵਾਲੀਆਂ ਬੀਮਾਰੀਆਂ ਦੀ ਰੋਕਥਾਮ ਹਿੱਤ ਬੀਮਾਰੀ ਦੇ ਲੱਛਣਾਂ, ਕਾਰਨਾਂ, ਬੀਮਾਰੀ ਤੋਂ ਬਚਣ ਦੀਆਂ ਹਿਦਾਇਤਾਂ ਦੇ ਨਾਲ ਨਾਲ ਤੰਦਰੁਸਤੀ ਲਈ ਨੁਕਤੇ ਵੀ ਸਾਂਝੇ ਕੀਤੇ ਗਏ। ਇਸ ਮੌਕੇ ਸ: ਅਜੀਤ ਸਿੰਘ ਬਸਰਾ ਨੇ ਸਿਹਤ ਨੂੰ ਅਨਮੋਲ ਧਨ ਦਸਦਿਆਂ ਭਵਿਖ ਵਿਚ ਚੀਫ਼ ਖ਼ਾਲਸਾ ਦੀਵਾਨ ਵੱਲੋਂ ਅਜਿਹੇ ਮੈਡੀਕਲ ਕੈਂਪ ਨਿਰੰਤਰ ਆਯੋਜਿਤ ਕਰਨ ਦੀ ਗੱਲ ਕਹੀ। ਇਸ ਦੌਰਾਨ ਆਨਰੇਰੀ ਸਕੱਤਰ ਸ: ਅਜੀਤ ਸਿੰਘ ਬਸਰਾ, ਪ੍ਰੋਫੈਸਰ ਹਰੀ ਸਿੰਘ (ਚੇਅਰਮੈਨ ਧਰਮ ਪ੍ਰਚਾਰ ਕਮੇਟੀ ) ਵੱਲੋਂ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਇਤਿਹਾਸ ਬਾਬਤ ਜਾਣੂੰ ਕਰਵਾਇਆ ਗਿਆ। ਇਸ ਮੈਡੀਕਲ ਕੈਂਪ ਵਿਚ ਆਨਰੇਰੀ ਸਕੱਤਰ ਸ: ਅਜੀਤ ਸਿੰਘ ਬਸਰਾ, ਐਡੀਸ਼ਨਲ ਆਨਰੇਰੀ ਸਕੱਤਰ ਸ: ਜਸਪਾਲ ਸਿੰਘ ਢਿਲੋਂ, ਪ੍ਰੋਫੈਸਰ ਹਰੀ ਸਿੰਘ, ਸ੍ਰ.ਮੋਹਨਜੀਤ ਸਿੰਘ ਭੱਲਾ, ਡਾ: ਆਤਮਜੀਤ ਸਿੰਘ ਬਸਰਾ, ਡਾ: ਬਲਬੀਰ ਸਿੰਘ ਸੈਣੀ, ਸ: ਗੁਰਚਰਨ ਸਿੰਘ ਘਰਿੰਡਾ, ਡਾ: ਰਣਬੀਰ ਸਿੰਘ ਕੰਗ ਆਦਿ ਹਾਜ਼ਰ ਸਨ ਅਤੇ ਡਾ: ਵਿਵੇਕ ਸੋਨੀ, ਡਾ:ਰਣਧੀਰ ਸਿੰਘ, ਡਾ:ਸੋਨੀਆ ਸ਼ਰਮਾ,ਡਾ: ਨੀਤੂ ਗਿੱਲ, ਮਿਸ ਕੰਵਲਜੀਤ ਕੌਰ, ਡਾ: ਅਮਨਦੀਪ ਸਿੰਘ, ਸ: ਕੁਲਜਿੰਦਰ ਸਿੰਘ ਬੇਦੀ ਦੀ ਟੀਮ ਨੇ ਬੱਚਿਆਂ ਦਾ ਮੈਡੀਕਲ ਚੈਕਅਪ ਕੀਤਾ।

## ਦੀਵਾਨ ਦੇ ਸਕੂਲ ਆਫ ਐਕਸੀਲੈਂਸ ਵਿਖੇ ਸਲਾਨਾ ਸਮਾਗਮ






ਚੀਫ਼ ਖ਼ਾਲਸਾ ਦੀਵਾਨ ਅਧੀਨ ਚਲਾਏ ਜਾ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਕੇ.ਡੀ ਸਕੂਲ ਆਫ ਐਕਸੀਲੈਂਸ, ਦਬੁਰਜੀ ਵਿਖੇ ਸਕੂਲ ਦਾ ਸਲਾਨਾ ਸਮਾਗਮ ਅਤੇ ਇਨਾਮ ਵੰਡ ਸਮਾਰੋਹ ਆਯੋਜਿਤ ਕੀਤਾ ਗਿਆ। ਸਕੂਲ ਮੈਂਬਰ ਇੰਚਾਰਜ ਸ੍ਰ.ਰਜਿੰਦਰ ਸਿੰਘ ਮਰਵਾਹਾ, ਸ੍ਰ.ਸਰਜੋਤ ਸਿੰਘ ਸਾਹਨੀ ਅਤੇ ਸ੍ਰ.ਹਰਜੀਤ ਸਿੰਘ ਸਚਦੇਵਾ ਦੀ ਅਗਵਾਈ ਹੇਠ ਚਲ ਰਹੇ ਪ੍ਰੋਗਰਾਮ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ ਅਤੇ ਸਿਵਲ ਸਰਜਨ ਡਾ.ਚਰਨਜੀਤ ਸਿੰਘ ਨੇ ਵਿਸ਼ੇਸ਼ ਮਹਿਮਾਨਾ ਵਜੋਂ ਸਿਰਕਤ ਕੀਤੀ। ਪ੍ਰੋਗਰਾਮ ਦਾ ਅਗਾਜ਼ ਸਕੂਲ ਸ਼ਬਦ ਨਾਲ ਕਰਨ ਉਪਰੰਤ ਸ੍ਰ.ਰਜਿੰਦਰ ਸਿੰਘ ਮਰਵਾਹਾ ਨੇ ਆਏ ਮਹਿਮਾਨਾਂ ਦਾ ਸੁਆਗਤ ਕੀਤਾ। ਉਪਰੰਤ ਸਕੂਲ ਦੇ ਵਿਦਿਆਰਥੀਆਂ ਵੱਲੋਂ ਇਨਕਰੈਡੀਬਲ ਇੰਡੀਆ ਵਿਸ਼ੇ ਨੂੰ ਦਰਸਾਉਂਦਿਆਂ ਪੰਜਾਬੀ, ਗੁਜਰਾਤੀ, ਰਾਜਸਥਾਨੀ ਸਭਿਆਚਾਰ ਦੀ ਪ੍ਰਭਾਵਸ਼ਾਲੀ ਪੇਸ਼ਕਾਰੀ ਕੀਤੀ ਗਈ। ਇਸ ਮੌਕੇ ਆਏ ਵਿਸ਼ੇਸ਼ ਮਹਿਮਾਨਾਂ ਅਤੇ ਹੋਰਨਾਂ ਮੈਂਬਰ ਸਾਹਿਬਾਨ ਵੱਲੋਂ ਗੁਰਬਾਣੀ ਕੰਠ ਮੁਕਾਬਲੇ, ਗਤਕਾ ਮੁਕਾਬਲਾ ਅਤੇ ਅਕਾਦਮਿਕ ਸਾਲ 2021-22 ਦੇ ਅੱਵਲ ਆਏ ਵਿਦਿਆਰਥੀਆਂ ਨੂੰ ਇਨਾਮ ਵੰਡੇ ਗਏ ਅਤੇ ਅੰਤ ਪ੍ਰਿੰਸੀਪਲ ਜਸਵਿੰਦਰਪਾਲ ਕੌਰ ਵੱਲੋਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਸਿਵਲ ਸਰਜਨ ਡਾ.ਚਰਨਜੀਤ ਸਿੰਘ, ਸ੍ਰ.ਰਮਣੀਕ ਸਿੰਘ, ਸ੍ਰ.ਇੰਦਰਜੀਤ ਸਿੰਘ ਅੜੀ, ਸ੍ਰ.ਕੁਲਵਿੰਦਰ ਸਿੰਘ ਮਰਵਾਹਾ, ਸ੍ਰ.ਨਵਤੇਜ਼ ਸਿੰਘ ਨਾਰੰਗ, ਸ੍ਰ.ਦਲੀਪ ਸਿੰਘ, ਸ੍ਰ.ਭਰਪੂਰ ਸਿੰਘ, ਸ੍ਰ.ਕੁਲਜੀਤ ਸਿੰਘ ਸਾਹਨੀ, ਸ੍ਰ.ਅਮਰਦੀਪ ਸਿੰਘ, ਸ੍ਰ.ਗਗਨਦੀਪ ਸਿੰਘ, ਸ੍ਰ.ਜਤਿੰਦਰਬੀਰ ਸਿੰਘ, ਸ੍ਰ.ਕੰਵਲਜੀਤ ਸਿੰਘ, ਸ੍ਰੀ ਸਤੀਸ਼ ਕੁਮਾਰ ਜਿੰਦਲ, ਸ੍ਰ.ਬਲਬੀਰ ਸਿੰਘ, ਅਤੇ ਸੀ.ਕੇ.ਡੀ ਸਕੂਲਾਂ ਦੇ ਪ੍ਰਿੰਸੀਪਲ ਸਾਹਿਬਾਨ ਹਾਜ਼ਰ ਸਨ।





## -ਡਾ.ਨਿੱਜਰ ਵੱਲੋਂ ਖਾਲਸੇ ਦੀ ਸ਼ਾਨ ਦਸਤਾਰ ਬਰਕਾਰ ਰੱਖਣ ਦੀ ਪ੍ਰੇਰਨਾ
## -ਗੁਰੂ ਨਾਨਕ ਸਾਹਿਬ ਦੇ ਸਿਧਾਂਤ ਅਪਨਾਕੇ ਜੀਵਨ ਸਫਲ ਕਰਨ ਦੀ ਲੋੜ-ਸ੍ਰ.ਬਸਰਾ
## -ਗੋਲਡਨ ਐਵੀਨਿਊ ਸਕੂਲ ਵਿਚ ਹੋਇਆ ਦਸਤਾਰ ਬੰਦੀ ਸਮਾਗਮ





ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਗੋਲਡਨ ਐਵੀਨਿਊ ਵਿਖੇ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਇਕ ਪ੍ਰਭਾਵਸ਼ਾਲੀ ਸਮਾਗਮ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਤੇ ਹਰ ਸਾਲ ਦੀ ਤਰ੍ਹਾਂ ਸੱਤਵੀਂ ਜਮਾਤ ਵਿਚ ਪੜ੍ਹ ਰਹੇ ਵਿਦਿਆਰਥੀਆਂ ਦੀ ਦਸਤਾਰ ਬੰਦੀ ਵੀ ਕੀਤੀ ਗਈ। ਇਸ ਸਮਾਗਮ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਵਿਸ਼ੇਸ਼ ਤੌਰ ਤੇ ਬੱਚਿਆਂ ਨੂੰ ਅਸ਼ੀਰਵਾਦ ਦੇਣ ਪੁੱਜੇ। ਸਮਾਗਮ ਦਾ ਆਰੰਭ ਵਿਚ ਸ੍ਰੀ ਸਹਿਜ ਪਾਠ ਦੇ ਭੋਗ ਪਾਏ ਗਏ। ਉਪਰੰਤ ਵੱਖ-ਵੱਖ ਸੀ.ਕੇ.ਡੀ ਸਕੂਲਾਂ ਦੀ ਕੀਰਤਨੀ ਟੀਮ ਵੱਲੋਂ ਇਲਾਹੀ ਬਾਣੀ ਦਾ ਰਸਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਅਤੇ ਸਕੂਲ ਮੈਂਬਰ ਇੰਚਾਰਜ ਸ੍ਰ.ਅਜੀਤ ਸਿੰਘ ਬਸਰਾ ਨੇ ਆਈਆਂ ਸੰਗਤਾਂ ਨੂੰ ਜੀ ਆਇਆਂ ਕਿਹਾ ਅਤੇ ਗੁਰੂ ਨਾਨਕ ਸਾਹਿਬ ਜੀ ਦੇ ਸਿਧਾਂਤ ਕਿਰਤ ਕਰੋ, ਨਾਮ ਜਪੋ ਅਤੇ ਵੰਡ ਛੱਕੋ ਦੇ ਸਿਧਾਂਤ ਤੇ ਚੱਲਕੇ ਆਪਣਾ ਜੀਵਨ ਸਫਲ ਕਰਨ ਦੀ ਪ੍ਰੇਰਨਾ ਦਿੱਤੀ। ਉਪਰੰਤ ਸਤਿਕਾਰਯੋਗ ਸਿੰਘ ਸਾਹਿਬ ਗਿਆਨੀ ਮਲਕੀਅਤ ਸਿੰਘ ਜੀ ਵੱਲੋਂ ਸਕੂਲ ਦੀ ਸਤਵੀਂ ਜਮਾਤ ਵਿਚ ਪੜ੍ਹ ਰਹੇ ਬੱਚਿਆਂ ਦੀ ਦਸਤਾਰਬੰਦੀ ਦੀ ਰਸਮ ਨਿਭਾਈ ਗਈ। ਫੁੱਲਾਂ ਨਾਲ ਸ਼ਿੰਗਾਰੇ ਗਏ ਪੰਡਾਲ ਵਿਚ ਬੱਚਿਆਂ ਦੀਆਂ ਪੀਲੇ ਰੰਗ ਦੀਆਂ ਦਸਤਾਰਾਂ ਖਾਲਸਾਈ ਸ਼ਾਨ ਵਧਾ ਰਹੀਆਂ ਸਨ।

ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਉਪਦੇਸ਼ਾਂ ਨਾਲ ਭਰਮ ਭੁਲੇਖਿਆਂ ਅਤੇ ਕੁਰੀਤੀਆਂ ਵਿਚ ਫਸੀ ਹੋਈ ਲੋਕਾਈ ਨੂੰ ਸਿੱਧੇ ਰਾਹ ਪਾਇਆ। ਉਹਨਾਂ ਸਮੂਹ ਸੰਗਤਾਂ ਨੂੰ ਸਮਾਜ ਵਿਚ ਵਹਿਮਾਂ ਭਰਮਾਂ ਨੂੰ ਦੂਰ ਕਰਨ ਅਤੇ ਭਾਈਚਾਰਕ ਭਾਵ ਪੈਦਾ ਕਰਨ ਲਈ ਗੁਰੂ ਨਾਨਕ ਦੇਵ ਜੀ ਦੇ ਦਿਖਾਏ ਰਸਤੇ ਤੇ ਚੱਲਣ ਅਤੇ ਖਾਲਸੇ ਦੀ ਸ਼ਾਨ ਦਸਤਾਰ ਨੂੰ ਬਰਕਰਾਰ ਰੱਖਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਮੈਨੇਜਮੈਂਟ ਅਤੇ ਮੈਂਬਰ ਸਾਹਿਬਾਨ ਵੱਲੋਂ ਸ਼ੈਸਨ 2021-22 ਦੌਰਾਨ ਆਈ.ਸੀ.ਐਸ.ਈ ਬੋਰਡ ਦੀ ਦਸਵੀਂ ਦੀ ਪ੍ਰੀਖਿਆ ਵਿਚ ਮਿਹਨਤ ਅਤੇ ਲਗਨ ਨਾਲ ਪੜਾਈ ਕਰਕੇ ਮੈਰਿਟ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ। ਅੰਤ ਸਕੂਲ ਮੈਂਬਰ ਇੰਚਾਰਜ ਸ੍ਰ.ਜਸਪਾਲ ਸਿੰਘ ਢਿੱਲੋਂ ਅਤੇ ਸਕੂਲ ਦੇ ਪ੍ਰਿੰਸੀਪਲ ਸਤਿੰਦਰ ਕੌਰ ਮਰਵਾਹਾ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਸਥਾਨਕ ਪ੍ਰਧਾਨ ਸ੍ਰ.ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਐਡੀ.ਆਨਰੇਰੀ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ ਅਤੇ ਸ੍ਰ.ਸੁਖਦੇਵ ਸਿੰਘ ਮੱਤੇਵਾਲ, ਚੇਅਰਮੈਨ ਧਰਮ ਪ੍ਰਚਾਰ ਕਮੇਟੀ ਪ੍ਰੋ.ਹਰੀ ਸਿੰਘ, ਡਾ.ਆਤਮਜੀਤ ਸਿੰਘ ਬਸਰਾ, ਸ੍ਰ.ਰਜਿੰਦਰ ਸਿੰਘ ਮਰਵਾਹਾ, ਸ੍ਰ.ਰਣਦੀਪ ਸਿੰਘ, ਸ੍ਰ.ਅਜੀਤ ਸਿੰਘ ਭਾਟੀਆ, ਸ੍ਰ.ਹਰਮਿੰਦਰਪਾਲ ਸਿੰਘ, ਸ੍ਰ.ਮਨਪ੍ਰੀਤ ਸਿੰਘ ਨਾਰੰਗ, ਸ੍ਰ.ਲਖਵਿੰਦਰ ਸਿੰਘ ਢਿੱਲੋਂ, ਸ੍ਰ.ਕੁਲਜੀਤ ਸਿੰਘ ਸਾਹਨੀ, ਸ੍ਰ.ਗੁਰਿੰਦਰ ਸਿੰਘ, ਸ੍ਰ.ਮਨਜੀਤ ਸਿੰਘ ਢਿੱਲੋਂ, ਸ੍ਰ.ਕੁਲਦੀਪ ਸਿੰਘ ਕੁਹਾਰਕਾ, ਸ੍ਰ.ਸੁਖਦੇਵ ਸਿੰਘ ਭੂਰਾ ਸਕੱਤਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰ.ਏ.ਪੀ.ਐਸ ਮਾਨ, ਡਾਇਰੈਕਟਰ ਐਜੂਕੇਸ਼ਨ ਡਾ.ਧਰਮਵੀਰ ਸਿੰਘ ਅਤੇ ਹੋਰ ਮੈਂਬਰ ਸਾਹਿਬਾਨ, ਪ੍ਰਿੰਸੀਪਲ ਸਾਹਿਬਾਨ ਅਤੇ ਪਤਵੰਤੇ ਸੱਜਣ ਹਾਜ਼ਰ ਸਨ।

## ਦੀਵਾਨ ਦੇ ਸਕੂਲਾਂ ਵਿਚ ਲਰਨਿੰਗ-ਟੀਚਿੰਗ ਦਾ ਮਿਆਰ ਉਪਰ ਚੁੱਕਣ ਹਿੱਤ ਵਿਸ਼ੇਸ਼ ਉਪਰਾਲੇ ਕੀਤੇ ਜਾਣਗੇ-ਡਾ.ਨਿੱਜਰ



ਚੀਫ਼ ਖ਼ਾਲਸਾ ਦੀਵਾਨ ਦੇ ਮੁੱਖ ਦਫ਼ਤਰ ਵਿਖੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਅਤੇ ਕੈਬਨਿਟ ਮੰਤਰੀ ਡਾ.ਇੰਦਰਬੀਰ ਸਿੰਘ ਨਿੱਜਰ ਦੀ ਪ੍ਰਧਾਨਗੀ ਹੇਠ ਹੋਈ ਵਿਸ਼ੇਸ਼ ਮੀਟਿੰਗ ਦੌਰਾਨ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਵਿਚ ਵਿਦਿਅਕ ਮਿਆਰ ਨੂੰ ਉਪਰ ਚੁੱਕਣ ਅਤੇ ਟੀਚਿੰਗ-ਲਰਨਿੰਗ ਤਰੀਕਿਆਂ ਵਿਚ ਇਕਸਾਰਤਾ ਅਤੇ ਸੁਧਾਰ ਲਿਆਉਣ ਹਿੱਤ ਵਿਚਾਰ ਵਟਾਂਦਰਾ ਕੀਤਾ ਗਿਆ। ਡਾ.ਨਿੱਜਰ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਵਿਦਿਅਕ ਮਿਆਰ ਉਪਰ ਚੁੱਕਣ ਦਾ ਅਰਥ ਸਿਰਫ ਤਕਨੀਕੀ ਖੇਤਰ ਵਿਚ ਆਧੁਨਿਕੀਕਰਨ ਹੀ ਨਹੀਂ ਹੈ ਸਗੋਂ ਨੈਤਿਕਤਾ ਅਤੇ ਵਿਦਿਆਰਥੀਆਂ ਦੀ ਵਿਅਕਤੀਗਤ ਪ੍ਰਤਿਭਾ ਅਤੇ ਗੁਣਾਂ ਨੂੰ ਪਹਿਚਾਨਣ, ਨਿਖਾਰਣ ਅਤੇ ਚਰਿੱਤਰ ਨਿਰਮਾਣ ਦੇ ਅਧਾਰ ਤੇ ਵੀ ਹੈ ਜਿਸ ਵਿਚ ਸੁਧਾਰ ਲਿਆਉਣਾ ਅਜੋਕੇ ਸਮੇਂ ਦੀ ਮੁੱਖ ਲੋੜ੍ਹ ਹੈ। ਮੀਟਿੰਗ ਦੌਰਾਨ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਵਿਚ ਪ੍ਰਿੰਸੀਪਲਜ਼ ਅਤੇ ਟੀਚਿੰਗ ਸਟਾਫ ਲਈ ਪਰਸਨੈਲਿਟੀ ਡਿਵੈਲਪਮੈਂਟ ਪ੍ਰੋਗਰਾਮ, ਉਰੀਅਨਟੇਸ਼ਨ ਪ੍ਰੋਗਰਾਮ, ਰਿਫਰੇਸ਼ਰ ਕੋਰਸ ਅਤੇ ਹੋਰਨਾਂ ਐਜੂਕੇਸ਼ਨਲ ਕੁਆਲਿਟੀ ਵਧਾਉਣ ਹਿੱਤ ਟਰੇਨਿੰਗ ਕੋਰਸਿਸ ਸ਼ੁਰੂ ਕਰਨ ਦੀ ਸਹਿਮਤੀ ਬਣਾਈ ਗਈ ਤਾਂ ਜੋ ਸੀ.ਕੇ.ਡੀ ਸਕੂਲਾਂ ਵਿਚ ਟੀਚਿੰਗ-ਲਰਨਿੰਗ ਤਰੀਕਿਆਂ ਵਿਚ ਇਕਸਾਰਤਾ ਲਿਆਉਦਿਆਂ ਸੁਧਾਰ ਕੀਤਾ ਜਾ ਸਕੇ ਅਤੇ ਅਧਿਆਪਕਾਂ ਦੇ ਸੋਚਣ, ਖੋਜਣ, ਸੰਚਾਰਨ ਅਤੇ ਸਵੈ-ਪ੍ਰਬੰਧਨ ਦੇ ਹੁਨਰਾਂ ਨੂੰ ਨਿਖਾਰਿਆਂ ਜਾ ਸਕੇ। ਸੀ.ਕੇ.ਡੀ ਸਕੂਲਾਂ ਦਾ ਵਿਦਿਅਕ ਮਿਆਰ ਗਲੋਬਲ ਪੱਧਰ ਤੱਕ ਪਹੁੰਚਾਉਣ ਲਈ ਬੱਚਿਆਂ ਨੂੰ ਮਾਂ ਬੋਲੀ ਪੰਜਾਬੀ ਦੇ ਨਾਲ-ਨਾਲ ਸਹਿਜਤਾ ਨਾਲ ਅੰਗਰੇਜ਼ੀ ਪੜਾਉਣ ਅਤੇ ਬੋਲਣ ਦੀ ਮੁਹਾਰਤ ਦੇਣ ਅਤੇ ਇਸ ਮੰਤਵ ਲਈ ਇੰਗਲਿਸ਼ ਲੈਬਜ਼ ਸਥਾਪਿਤ ਕਰਨ ਦਾ ਨਿਰਣਾ ਲਿਆ ਗਿਆ। ਡਾ.ਨਿੱਜਰ ਨੇ ਡਾਇਰੈਕਟਰਜ਼ ਨੂੰ ਸਮੂਹ ਚੀਫ਼ ਖ਼ਾਲਸਾ ਦੀਵਾਨ ਸਕੂਲਾਂ ਵਿਚ ਇਹਨਾਂ ਯੋਜਨਾਵਾਂ ਨੂੰ ਅਮਲੀ ਰੂਪ ਦੇਣ ਹਿੱਤ ਛੇਤੀ ਤੋਂ ਛੇਤੀ ਵਿਸ਼ੇਸ਼ ਉਪਰਾਲੇ ਕਰਨ ਦੀਆਂ ਹਦਾਇਤਾਂ ਦਿੱਤੀਆਂ ਅਤੇ ਪੇਂਡੂ ਸਕੂਲਾਂ ਵਿਚ ਆਈ.ਟੀ ਆਧੁਨੀਕਰਨ ਦੀ ਲੋੜ੍ਹ ਤੇ ਵੀ ਜ਼ੋਰ ਦਿੱਤਾ। ਮੀਟਿੰਗ ਵਿਚ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸ੍ਰ.ਜਗਜੀਤ ਸਿੰਘ, ਆਨਰੇਰੀ ਸਕੱਤਰ ਸ੍ਰ.ਅਜੀਤ ਸਿੰਘ ਬਸਰਾ, ਐਡੀਸਨਲ ਸਕੱਤਰ ਸ੍ਰ.ਜਸਪਾਲ ਸਿੰਘ ਢਿੱਲੋਂ, ਮੁੱਖ ਦਫ਼ਤਰ ਮੈਂਬਰ ਇੰਚਾਰਜ ਸ੍ਰ.ਸੁਖਜਿੰਦਰ ਸਿੰਘ ਪ੍ਰਿੰਸ, ਡਾ.ਸੰਤੋਖ ਸਿੰਘ, ਸ੍ਰ.ਭੂਪਿੰਦਰ ਸਿੰਘ ਸੇਠੀ, ਡਾਇਰੈਕਟਰ ਐਜੂਕੇਸ਼ਨਲ ਡਾ.ਧਰਮਵੀਰ ਸਿੰਘ, ਡਾਇਰੈਕਟਰ ਉਪਰੇਸ਼ਨ ਡਾ.ਏ.ਪੀ.ਐਸ ਚਾਵਲਾ, ਪ੍ਰਿੰ: ਨਿਰਮਲ ਕੌਰ, ਪ੍ਰਿੰ:ਦਪਿੰਦਰ ਕੌਰ, ਪ੍ਰਿੰ: ਉਰਮਿੰਦਰ ਕੌਰ, ਪ੍ਰਿੰ: ਰਣਜੀਤ ਕੌਰ ਭਾਟੀਆ, ਪ੍ਰਿੰ: ਰਿਪੂਦਮਨ ਕੌਰ ਅਸਿਸਟੈਂਟ ਡਾਇਰੈਕਟਰ ਹਾਜ਼ਰ ਸਨ।

## ਝਬਾਲ ਸਕੂਲ ਦੇ ਵਿਦਿਆਰਥੀਆਂ ਨੇ ਫੈਨਸਿੰਗ ਖੇਡ ਵਿਚ ਮਾਰੀਆ ਮੱਲਾਂ।



ਚੀਫ਼ ਖ਼ਾਲਸਾ ਦੀਵਾਨ ਵੱਲੋਂ ਸਿੱਖੀ ਸਿਖਿਆ ਦੇ ਪ੍ਰਸਾਰ ਤੇ ਪ੍ਰਚਾਰ ਦੇ ਨਾਲ ਨਾਲ ਲੋਕ ਭਲਾਈ ਕਾਰਜਾਂ ਹਿੱਤ ਚੀਫ਼ ਖ਼ਾਲਸਾ ਦੀਵਾਨ ਦੀ ਸਰਪ੍ਰਸਤੀ ਹੇਠ ਚੱਲ ਰਹੇ ਸੈਂਟਰਲ ਖਾਲਸਾ ਯਤੀਮਖਾਨਾ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਮੈਡੀਕਲ ਕੈਂਪ ਆਯੋਜਿਤ ਕੀਤਾ ਗਿਆ ਜਿਸ ਦਾ ਉਦਘਾਟਨ ਚੀਫ਼ ਖ਼ਾਲਸਾ ਦੀਵਾਨ ਦੇ ਆਨਰੇਰੀ ਸਕੱਤਰ ਸ: ਅਜੀਤ ਸਿੰਘ ਬਸਰਾ ਵੱਲੋਂ ਕੀਤਾ ਗਿਆ। ਡਿਪਾਰਟਮੈਂਟ ਆਫ ਆਯੂਰਵੈਦ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਅਤੇ ਯਤੀਮਖਾਨੇ ਦੇ ਮੈਂਬਰ ਇੰਚਾਰਜ ਡਾ: ਆਤਮਜੀਤ ਸਿੰਘ ਬਸਰਾ, ਸ੍ਰ.ਮੋਹਨਜੀਤ ਸਿੰਘ ਭੱਲਾ, ਸ੍ਰ.ਮਨਦੀਪ ਸਿੰਘ ਬੇਦੀ, ਦੀ ਦੇਖ ਰੇਖ ਵਿਚ ਲਗਾਏ ਗਏ ਇਸ ਕੈਂਪ ਵਿਚ ਯਤੀਮਖਾਨੇ ਦੇ ਨਾਲ ਨਾਲ ਯਤੀਮਖਾਨਾ ਕੈਂਪਸ ਵਿਖੇ ਸਥਿਤ ਗੁਰਮਤਿ ਕਾਲਜ ਅਤੇ ਸੂਰਮਾ ਸਿੰਘ ਆਸ਼ਰਮ ਦੇ ਕਰੀਬ 300 ਬੱਚਿਆਂ ਤੇ ਸਟਾਫ ਦਾ ਮਾਹਿਰ ਡਾਕਟਰਾਂ ਵੱਲੋਂ ਚੈਕਅਪ ਕੀਤਾ ਗਿਆ ਤੇ ਬੀਮਾਰੀ ਦੇ ਲੱਛਣਾਂ ਅਨੁਸਾਰ ਫਰੀ ਦਵਾਈਆਂ ਦਿੱਤੀਆਂ ਗਈਆਂ ਅਤੇ ਲੋੜੀਂਦੇ ਟੈਸਟ ਵੀ ਲਿਖੇ ਗਏ। ਇਸ ਮੌਕੇ ਜ਼ਿਲਾ ਆਯੂਰਵੈਦਿਕ ਅਫਸਰ ਡਾ: ਰਣਬੀਰ ਸਿੰਘ ਕੰਗ ਅਤੇ ਯਤੀਮਖਾਨਾ ਮੈਂਬਰ ਇੰਚਾਰਜ ਡਾ: ਆਤਮਜੀਤ ਸਿੰਘ ਬਸਰਾ ਵੱਲੋਂ ਬੱਚਿਆਂ ਨੂੰ ਆਮ ਹੋਣ ਵਾਲੀਆਂ ਬੀਮਾਰੀਆਂ ਦੀ ਰੋਕਥਾਮ ਹਿੱਤ ਬੀਮਾਰੀ ਦੇ ਲੱਛਣਾਂ, ਕਾਰਨਾਂ, ਬੀਮਾਰੀ ਤੋਂ ਬਚਣ ਦੀਆਂ ਹਿਦਾਇਤਾਂ ਦੇ ਨਾਲ ਨਾਲ ਤੰਦਰੁਸਤੀ ਲਈ ਨੁਕਤੇ ਵੀ ਸਾਂਝੇ ਕੀਤੇ ਗਏ। ਇਸ ਮੌਕੇ ਸ: ਅਜੀਤ ਸਿੰਘ ਬਸਰਾ ਨੇ ਸਿਹਤ ਨੂੰ ਅਨਮੋਲ ਧਨ ਦਸਦਿਆਂ ਭਵਿਖ ਵਿਚ ਚੀਫ਼ ਖ਼ਾਲਸਾ ਦੀਵਾਨ ਵੱਲੋਂ ਅਜਿਹੇ ਮੈਡੀਕਲ ਕੈਂਪ ਨਿਰੰਤਰ ਆਯੋਜਿਤ ਕਰਨ ਦੀ ਗੱਲ ਕਹੀ। ਇਸ ਦੌਰਾਨ ਆਨਰੇਰੀ ਸਕੱਤਰ ਸ: ਅਜੀਤ ਸਿੰਘ ਬਸਰਾ, ਪ੍ਰੋਫੈਸਰ ਹਰੀ ਸਿੰਘ (ਚੇਅਰਮੈਨ ਧਰਮ ਪ੍ਰਚਾਰ ਕਮੇਟੀ ) ਵੱਲੋਂ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੀ ਸ਼ਹਾਦਤ ਦੇ ਇਤਿਹਾਸ ਬਾਬਤ ਜਾਣੂੰ ਕਰਵਾਇਆ ਗਿਆ। ਇਸ ਮੈਡੀਕਲ ਕੈਂਪ ਵਿਚ ਆਨਰੇਰੀ ਸਕੱਤਰ ਸ: ਅਜੀਤ ਸਿੰਘ ਬਸਰਾ, ਐਡੀਸ਼ਨਲ ਆਨਰੇਰੀ ਸਕੱਤਰ ਸ: ਜਸਪਾਲ ਸਿੰਘ ਢਿਲੋਂ, ਪ੍ਰੋਫੈਸਰ ਹਰੀ ਸਿੰਘ, ਸ੍ਰ.ਮੋਹਨਜੀਤ ਸਿੰਘ ਭੱਲਾ, ਡਾ: ਆਤਮਜੀਤ ਸਿੰਘ ਬਸਰਾ, ਡਾ: ਬਲਬੀਰ ਸਿੰਘ ਸੈਣੀ, ਸ: ਗੁਰਚਰਨ ਸਿੰਘ ਘਰਿੰਡਾ, ਡਾ: ਰਣਬੀਰ ਸਿੰਘ ਕੰਗ ਆਦਿ ਹਾਜ਼ਰ ਸਨ ਅਤੇ ਡਾ: ਵਿਵੇਕ ਸੋਨੀ, ਡਾ:ਰਣਧੀਰ ਸਿੰਘ, ਡਾ:ਸੋਨੀਆ ਸ਼ਰਮਾ,ਡਾ: ਨੀਤੂ ਗਿੱਲ, ਮਿਸ ਕੰਵਲਜੀਤ ਕੌਰ, ਡਾ: ਅਮਨਦੀਪ ਸਿੰਘ, ਸ: ਕੁਲਜਿੰਦਰ ਸਿੰਘ ਬੇਦੀ ਦੀ ਟੀਮ ਨੇ ਬੱਚਿਆਂ ਦਾ ਮੈਡੀਕਲ ਚੈਕਅਪ ਕੀਤਾ।

## ਪੱਟੀ ਸਕੂਲ ਵਿਚ ਪਵਿੱਤਰ ਸ਼ਹਾਦਤ ਨੂੰ ਸਮਰਪਤ ਗੁਰਮਤਿ ਸਮਾਗਮ



ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਪੱਟੀ ਵਿਖੇ ਸਥਿਤ "ਗੁਰੂ ਨਾਨਕ ਆਡੀਟੋਰੀਅਮ" ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਪੁੱਤਰ ਅਤੇ ਅਨੰਦਪੁਰ ਸਾਹਿਬ ਤੋਂ ਸਰਹੰਦ ਤੱਕ ਸ਼ਹੀਦ ਹੋਏ ਸਮੂਹ ਸਿੰਘਾਂ ਅਤੇ ਸਿੰਘਣੀਆਂ ਦੀ ਪਵਿੱਤਰ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਸਮਾਗਮ ਕੀਤਾ ਗਿਆ, ਜਿਸ ਦੀ ਆਰੰਭਤਾ ਗੁਰੂ ਨਾਨਕ ਸਾਹਿਬ ਜੀ ਦੀ ਰਚਿਤ ਬਾਣੀ ਜਪੁਜੀ ਸਾਹਿਬ ਦੇ ਸੰਗਤੀ ਰੂਪ ਵਿਚ ਪਾਠ ਨਾਲ ਕੀਤੀ ਗਈ। ਸੰਗੀਤ ਅਧਿਆਪਕ ਮੈਡਮ ਹਰਪ੍ਰੀਤ ਕੌਰ, ਉਂਕਾਰ ਸਿੰਘ ਅਤੇ ਗੁਰਬੇਜ ਸਿੰਘ ਵੱਲੋਂ ਗੁਰੂ ਦੀ ਇਲਾਹੀ ਬਾਣੀ ਦਾ ਰਸ-ਭਿੰਨਾ ਕੀਰਤਨ ਕੀਤਾ ਗਿਆ। ਉਪਰੰਤ ਐਲ.ਕੇ.ਜੀ ਜਮਾਤ ਤੋਂ ਪੰਜਵੀਂ ਜਮਾਤ ਤੱਕ ਦੇ ਬੱਚਿਆਂ ਦਾ ਕਵਿਤਾ ਅਤੇ ਛੇਵੀ ਤੋਂ ਦੱਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਦਾ ਦਸਤਾਰ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਪਹਿਲੇ, ਦੂਸਰੇ ਅਤੇ ਤੀਸਰੇ ਸਥਾਨ ਤੇ ਆਉਂਣ ਵਾਲੇ ਜੇਤੂ ਬੱਚਿਆਂ ਨੂੰ ਸ਼ੀਲਡਾਂ ਦੇ ਕੇ ਅਤੇ ਬਾਕੀ ਬੱਚਿਆਂ ਨੂੰ ਮੈਡਲ, ਧਾਰਮਿਕ ਲਿਟਰੇਚਰ ਦੇ ਕੇ ਸਨਮਾਨਿਤ ਕੀਤਾ ਗਿਆ। ਚੀਫ਼ ਖ਼ਾਲਸਾ ਦੀਵਾਨ ਦੀ ਧਰਮ ਪ੍ਰਚਾਰ ਕਮੇਟੀ ਵੱਲੋਂ ਉਚੇਚੇ ਤੌਰ ਤੇ ਪਹੁੰਚੇ ਵੀਰ ਨਿਰਮਲ ਸਿੰਘ ਸੁਰ ਸਿੰਘ ਅਤੇ ਵੀਰ ਤਸਬੀਰ ਸਿੰਘ ਮਰਹਾਣਾ ਨੇ ਵਿਦਿਆਰਥੀਆਂ ਨਾਲ ਵਿਚਾਰ ਸਾਂਝੇ ਕਰਦਿਆਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਅਤੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਮਹਾਨ ਹੈ, ਜਿਸ ਨੂੰ ਦੁਨੀਆਂ ਦਾ ਹਰੇਕ ਆਦਮੀ ਸਿਜਦਾ ਕਰਦਾ ਹੈ। ਅਸੀਂ ਤਕਰੀਬਨ ਤਿੰਨ ਸਦੀਆਂ ਤੋਂ ਇੰਨ੍ਹਾਂ ਦੀ ਸ਼ਹਾਦਤ ਨੂੰ ਹਰ ਸਾਲ ਮਨਾਉਦੇ ਆ ਰਹੇ ਹਾਂ, ਪਰ ਵੇਖਣ ਵਾਲੀ ਗੱਲ ਇਹ ਹੈ ਕਿ ਸਮਾਜ ਵਿਚ ਸਾਡੇ ਵਿਚ ਕੀ ਬਦਲਾਅ ਆ ਰਿਹਾ ਹੈ। ਸਾਨੂੰ ਸਭਨਾਂ ਨੂੰ ਆਪਣੀ ਜ਼ਿੰਦਗੀ ਵਿੱਚ ਗੁਰੂ ਸਾਹਿਬ ਜੀ ਦੀ ਵਿਚਾਰਧਾਰਾ ਨੂੰ ਲਾਗੂ ਕਰਨ ਦੀ ਲੋੜ੍ਹ ਹੈ। ਸਕੂਲ ਦੇ ਮੈਂਬਰ ਇੰਚਾਰਜ ਸ੍ਰ.ਪਰਮਜੀਤ ਸਿੰਘ ਆਹੂਜਾ, ਸ੍ਰ.ਗੁਰਬੀਰ ਸਿੰਘ ਢਿੱਲੋਂ ਅਤੇ ਸ੍ਰ.ਸਰਬਜੀਤ ਸਿੰਘ ਨੇ ਮੁਕਾਬਲਿਆਂ ਵਿੱਚ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਸਾਹਿਬਜ਼ਾਦਿਆਂ ਵੱਲੋਂ ਦਿੱਤੀ ਸ਼ਹਾਦਤ ਨੂੰ ਅਸੀਂ **"ਨਿੱਕੀਆਂ ਜਿੰਦਾ ਵੱਡੇ ਸਾਕੇ"** ਕਹਿ ਕੇ ਯਾਦ ਕਰਦੇ ਹਾਂ। ਜਿਹੜੀ ਉਮਰ ਉਨ੍ਹਾਂ ਦੀ ਖੇਡਣ ਮੱਲਣ ਦੀ ਸੀ, ਉਸ ਉਮਰ ਵਿਚ ਇੰਨ੍ਹੇ ਵੱਡੇ ਕਾਰਜਾਂ ਬਾਰੇ ਸੁਣ ਕੇ ਹਰੇਕ ਜੀਵ ਦਾ ਹਿਰਦਾ ਵਲੂੰਧਿਆ ਜਾਦਾ ਹੈ। ਪ੍ਰਿੰਸੀਪਲ ਮੈਡਮ ਨੀਰੂ ਸ਼ਰਮਾ ਨੇ ਵਿਦਿਆਰਥੀਆਂ ਨੂੰ ਸ਼ਹੀਦਾਂ ਸਿੰਘਾਂ ਦੇ ਪਾਏ ਪੂਰਨਿਆਂ ਤੇ ਚੱਲਣ ਲਈ ਪ੍ਰੇਰਿਤ ਕੀਤਾ। ਸਟੇਜ਼ ਸੰਚਾਲਕ ਦੀ ਭੂਮਿਕਾ ਧਾਰਮਿਕ ਅਧਿਆਪਕ ਸ੍ਰ.ਜਗਜੀਤ ਸਿੰਘ ਵੱਲੋਂ ਨਿਭਾਉਂਦਿਆਂ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੇ ਜੀਵਨ ਤੋਂ ਸੇਧ ਲੈਂਦਿਆਂ ਆਪਣੇ ਮਾਤਾ-ਪਿਤਾ ਦਾ ਸਤਿਕਾਰ ਕਰਨ, ਨੈਤਿਕ ਕਦਰਾਂ-ਕੀਮਤਾ ਨੀ ਜੀਵਨ ਵਿੱਚ ਲਾਗੂ ਕਰਨ ਲਈ ਪ੍ਰੇਰਿਤ ਕੀਤਾ।

## ਯੂਨੀਵਰਸਿਟੀ ਪੈਨਸ਼ਨਰਜ਼ ਐਸੋਸੀਏਸ਼ਨ ਵੱਲੋਂ ਡਾ.ਸਾਬਰ ਸਨਮਾਨਿਤ

ਗੁਰੂ ਨਾਨਕ ਦੇਵ ਯੂਨੀਵਰਸਿਟੀ ਪੈਨਸ਼ਨਰਜ ਐਸੋਸੀਏਸ਼ਨ ਵੱਲੋਂ ਬੀਤੇ ਦੀਨੀ ਆਡੀਟੋਰੀਅਮ ਬਾਬਾ ਬੁੱਢਾ ਸਾਹਿਬ ਭਵਨ ਵਿਖੇ ਹੋਏ ਜਨਰਲ ਇਜਲਾਸ ਵਿਚ ਮੁਖ ਮਹਿਮਾਨ ਵਜੋਂ ਵਰਸਿਟੀ ਦੇ ਉਪ ਕੁਲਪਤੀ ਪ੍ਰੋ. ਡਾ.ਜਸਪਾਲ ਸਿੰਘ ਸੰਧੂ ਸ਼ਾਮਿਲ ਹੋਏ। ਪੈਨਸ਼ਨਰਜ਼ ਦਿਹਾੜੇ ਵਜੋਂ ਮਨਾਏ ਗਏ ਇਸ ਇਜਲਾਸ ਵਿਚ 250 ਤੋਂ ਵੱਧ ਮੈਂਬਰਾਂ ਨੇ ਹਿੱਸਾ ਲਿਆ। ਮੁੱਖ ਮਹਿਮਾਨ ਡਾ.ਜਸਪਾਲ ਸਿੰਘ ਸੰਧੂ ਨੇ 80 ਸਾਲਾਂ ਦੀ ਉਮਰ ਦੇ ਪੈਨਸ਼ਨਰਾਂ ਨੂੰ ਸਨਮਾਨਿਤ ਕੀਤਾ ਤੇ ਆਪਣੇ ਵਿਭਾਗ ਰਾਹੀਂ ਪੈਨਸ਼ਨਰਾਂ ਦੀ ਹਰ ਸੰਭਵ ਮੰਗ ਨੂੰ ਲਾਗੂ ਕਰਨ ਦਾ ਭਰੋਸਾ ਦਿੱਤਾ। ਇਜਲਾਸ ਨੂੰ ਸ੍ਰ.ਅਮਰਜੀਤ ਸਿੰਘ ਬਾਈ ਪ੍ਰਧਾਨ ਅਤੇ ਪ੍ਰੋਫੈਸਰ ਅਮਰਜੀਤ ਸਿੰਘ ਸਿੱਧੂ ਮੀਤ ਪ੍ਰਧਾਨ ਡਾ.ਸਾਬਰ, ਡਾ.ਸੇਖੋਂ, ਡਾ.ਘੁੰਮਣ, ਡਾ.ਐਸ.ਪੀ. ਸਿੰਘ ਆਦਿ ਨੇ ਸੰਬੋਧਨ ਕੀਤਾ। ਇਸ ਅਵਸਰ ਤੇ ਵੀ.ਸੀ. ਡਾ.ਸੰਧੂ ਵੱਲੋਂ ਸਿੱਖ ਧਰਮ ਅਧਿਐਨ ਖੇਤਰ ਦੇ ਸਥਾਪਤ ਵਿਦਵਾਨ ਡਾ.ਜਸਬੀਰ ਸਿੰਘ ਸਾਬਰ ਸਮੇਤ 7 ਵਿਦਵਾਨਾਂ ਨੂੰ ਸਨਮਾਨਿਤ ਕੀਤਾ ਗਿਆ।





ਖ਼ਬਰਨਾਮਾ

## ਦੀਵਾਨ ਦੀ ਧਰਮ-ਪ੍ਰਚਾਰ ਕਮੇਟੀ ਵੱਲੋਂ ਸ਼ਹੀਦੀ ਪੰਦਰਵਾੜੇ ਬਾਰੇ ਸਮਾਗਮ











ਚੀਫ਼ ਖ਼ਾਲਸਾ ਦੀਵਾਨ ਦੀ ਧਰਮ-ਪ੍ਰਚਾਰ ਕਮੇਟੀ ਵੱਲੋਂ ਦਸਮ-ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰੇ ਸਾਹਿਬਜ਼ਾਦਿਆਂ, ਮਾਤਾ ਗੁਜ਼ਰ ਕੌਰ ਜੀ ਅਤੇ ਸਹੀ਼ਦ ਹੋਏ ਸਿੰਘਾਂ ਨੇ ਸਮਰਪਤ ਸ਼ਹੀਦੀ ਪੰਦਰਵਾੜਾ ਮਨਾਇਆ ਗਿਆ। ਇਸ ਪੰਦਰਵਾੜੇ ਵਿਚ ਦੀਵਾਨ ਦੇ ਵੱਖ-ਵੱਖ ਸਕੂਲਾਂ ਮਜੀਠਾ ਰੋਡ ਬਾਈਪਾਸ, ਬਸੰਤ ਐਵੀਨਿਊ, ਸ਼ੁਭਮ ਅਨਕਲੇਵ, ਭਗਤਾਂ ਵਾਲਾ, ਸੁਲਤਾਨਵਿੰਡ ਲਿੰਕ ਰੋਡ, ਫਰੈਂਡਜ਼ ਐਵੀਨਿਊ, ਮਹਿਲ ਜੰਡਿਆਲਾ, ਸੁਰ ਸਿੰਘ, ਪਿਦੀ, ਅਟਾਰੀ, ਸੈਂਸਰਾ, ਅਜਨਾਲਾ ਆਦਿ ਵਿਚ ਸ਼ਹੀਦੀ ਸਮਾਗਮ ਕੀਤੇ ਗਏ। ਇਸ ਅਵਸਰ ਤੇ ਕੀਤੇ ਗਏ ਸੈਮੀਨਾਰਾਂ ਵਿਚ ਪ੍ਰਸਿੱਧ ਵਿਦਵਾਨਾਂ ਜਿੰਨ੍ਹਾਂ ਵਿਚ ਪ੍ਰੋ.ਹਰੀ ਸਿੰਘ, ਪ੍ਰੋ.ਵਰਿਆਮ ਸਿੰਘ, ਪ੍ਰੋ.ਸੂਬਾ ਸਿੰਘ, ਸ੍ਰ.ਅਜੀਤ ਸਿੰਘ ਬਸਰਾ, ਡਾ.ਗੋਗੋਆਣੀ, ਸ੍ਰ.ਅਜੈਬ ਸਿੰਘ ਅਭਿਆਸੀ, ਬੀਬੀ ਕਿਰਨਜੋਤ ਕੌਰ, ਸ੍ਰ.ਗੁਰਭੇਜ ਸਿੰਘ, ਸ੍ਰ.ਗੁਰਚਰਨ ਸਿੰਘ ਘਰਿੰਡਾ ਆਦਿ ਨੇ ਸਾਹਿਬਜਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਬਾਰੇ ਚਾਨਣਾ ਪਾਇਆ।

ਸ੍ਰੀ ਗੁਰੂ ਹਰਿਕ੍ਰਿਸ਼ਨ ਸੀ.ਸੈਕੰਡਰੀ ਪਬਲਿਕ ਸਕੂਲ ਜੀ.ਟੀ.ਰੋਡ ਵਿਖੇ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਸੈਮੀਨਾਰ ਆਯੋਜਿਤ ਕੀਤਾ ਗਿਆ ਜਿਸ ਵਿਚ ਸਿੱਖ ਵਿਦਵਾਨ ਸ੍ਰ.ਹਰਪਾਲ ਸਿੰਘ, ਪ੍ਰੋ.ਵਰਿਆਮ ਸਿੰਘ ਅਤੇ ਡਾ.ਜਸਬੀਰ ਸਿੰਘ ਸਾਬਰ ਨੇ ਆਪਣੇ ਵਿਚਾਰ ਸਾਂਝੇ ਕੀਤੇ। ਪ੍ਰੋਗਰਾਮ ਦਾ ਅਗਾਜ ਸਕੂਲ ਸ਼ਬਦ ਨਾਲ ਕਰਨ ਉਪਰੰਤ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਪ੍ਰੋ.ਹਰੀ ਸਿੰਘ ਵਲੋਂ ਆਏ ਹੋਏ ਮਹਿਮਾਨਾਂ ਦਾ ਸੁਆਗਤ ਕੀਤਾ ਗਿਆ। ਉਪਰੰਤ ਸ੍ਰ.ਹਰਪਾਲ ਸਿੰਘ ਨੇ ਵਿਦਿਆਰਥੀਆਂ ਨੂੰ ਸਾਹਿਬਜ਼ਾਦਿਆਂ ਦੀ ਬੇਮਿਸਾਲ ਸ਼ਹਾਦਤ ਤੋਂ ਪਹਿਲਾਂ ਦੇ ਕਠਿਨ ਸਮੇਂ ਨੂੰ ਬਹੁਤ ਭਾਵ ਪੂਰਨ ਰੂਪ ਵਿਚ ਪੇਸ਼ ਕਰਦਿਆਂ ਦੱਸਿਆ ਕਿ ਕਿਸ ਤਰ੍ਹਾਂ ਮੁਗਲ ਹਾਕਮਾਂ ਨੇ ਖਾਧੀਆਂ ਕਸਮਾਂ ਤੋੜਕੇ ਦਸਮ ਪਾਤਸ਼ਾਹ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦਾ ਕਿਲ੍ਹਾ ਖਾਲੀ ਕਰਨ ਦੇ ਬਾਵਜੂਦ ਪਿਛੋਂ ਹਮਲਾ ਕਰ ਦਿੱਤਾ। ਪ੍ਰੋ.ਵਰਿਆਮ ਸਿੰਘ ਨੇ ਵਿਦਿਆਰਥੀਆਂ ਨੂੰ ਅਕਾਲ ਪੁਰਖ ਦੀ ਰਜ਼ਾ ਵਿਚ ਰਹਿਣ ਅਤੇ ਮੌਤ ਤੋਂ ਬੇਖੌਫ ਹੋ ਕੇ ਜੀਉਣ ਦਾ ਸੰਦੇਸ਼ ਦਿੱਤਾ।

ਡਾ.ਜਸਬੀਰ ਸਿੰਘ ਸਾਬਰ ਨੇ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਆਖਿਆ ਕਿ ਜਿਸ ਤਰ੍ਹਾਂ ਚਾਰੇ ਸਾਹਿਬਜ਼ਾਦੇ ਵਿਰਾਸਤ ਵਿਚ ਮਿਲੀ ਸ਼ਹਾਦਤ ਦੀ ਗੁੜਤੀ ਕਾਰਨ ਹਰ ਪ੍ਰਕਾਰ ਦੇ ਖੌਫ ਤੋ ਨਿਡਰ ਰਹੇ ਅਤੇ ਸਿੱਖੀ ਸਿਦਕ ਨੂੰ ਪੂਰੀ ਆਨ ਅਤੇ ਸ਼ਾਨ ਨਾਲ ਆਪਣੀਆਂ ਜਾਨਾਂ ਕੁਰਬਾਨ ਕਰਦਿਆਂ ਸਿੱਖ ਕੌਮ ਦੀ ਸ਼ਾਨ ਨੂੰ ਕਾਇਮ ਰੱਖਿਆ। ਡਾ.ਸਾਬਰ ਨੇ ਵਿਦਿਆਰਥੀਆਂ ਨੂੰ ਦਸਤਾਰ ਦੀ ਮਹਾਨਤਾਂ ਬਾਰੇ ਵੀ ਜਾਣੂੰ ਕਰਵਾਉਂਦਿਆਂ ਆਖਿਆ ਕਿ ਦਸਤਾਰ ਸਜਾਉਣ ਕਾਰਨ ਅਸੀ ਵਿਸ਼ਵ ਭਰ ਵਿਚ ਆਪਣੀ ਨਿਵੇਕਲੀ ਪਹਿਚਾਣ ਰੱਖਦੇ ਹਾਂ। ਇਸ ਲਈ ਸਾਬਤ ਸੂਰਤ ਅਤੇ ਦਸਤਾਰ ਰੱਖਦਿਆਂ ਸਾਨੂੰ ਸਾਹਿਬਜ਼ਾਦਿਆਂ ਤੋਂ ਪ੍ਰੇਰਨਾ ਲੈਣ ਦੀ ਲੋੜ੍ਹ ਹੈ। ਮੰਚ ਸੰਚਾਲਨ ਦੀ ਭੂਮਿਕਾ ਧਾਰਮਿਕ ਅਧਿਆਪਕਾ ਮੈਡਮ ਸੁਖਜੀਤ ਕੌਰ ਵੱਲੋਂ ਬਾਖੂਬੀ ਨਿਭਾਈ ਗਈ। ਇਸ ਸਮੇਂ ਸਕੂਲ ਦੇ ਪ੍ਰਿੰਸੀਪਲ ਡਾ.ਧਰਮਵੀਰ ਸਿੰਘ ਪ੍ਰਾਇਮਰੀ ਵਿੰਗ ਦੇ ਸੁਪਰਵਾਈਜ਼ਰ ਸ੍ਰੀਮਤੀ ਰਵਿੰਦਰ ਕੌਰ ਨਰੂਲਾ ਅਤੇ ਹੋਰ ਅਧਿਆਪਕ ਸਾਹਿਬਾਨ ਵੀ ਹਾਜ਼ਰ ਸਨ।

Postal No. L-I/PB-ASR/0220/2022-2024

# ਸ਼ਹਿਰ ਪਟਨਾ ਸਾਹਿਬ ਦੇ ਇਤਿਹਾਸਕ ਗੁਰਦੁਆਰੇ








Regd-RNI-64/57 ISSN - 2454-6488

ਪ੍ਰਕਾਸ਼ਕ ਤੇ ਛਾਪਕ ਅਜੀਤ ਸਿੰਘ ਬਸਰਾ ਨੇ ਪ੍ਰਿੰਟਵੈਲ ਅੰਮ੍ਰਿਤਸਰ ਤੋਂ ਛਪਵਾ ਕੇ ਖ਼ਾਲਸਾ ਟ੍ਰੈਕਟ ਸੁਸਾਇਟੀ, ਚੀਫ਼ ਖ਼ਾਲਸਾ ਦੀਵਾਨ ਅੰਮ੍ਰਿਤਸਰ ਤੋਂ 10-1-2023 ਨੂੰ ਜਾਰੀ ਕੀਤਾ ।